ਭਾਜਪਾ ਪੰਜਾਬ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਰਾਜਸਥਾਨ ਹਾਈ ਕੋਰਟ ਸਿਵਲ ਜੱਜ ਭਰਤੀ ਪ੍ਰੀਖਿਆ ਲਈ ਜੈਪੁਰ ਪਹੁੰਚੀ ਅੰਮ੍ਰਿਤਧਾਰੀ ਲੜਕੀ ਗੁਰਪ੍ਰੀਤ ਕੌਰ ਨੂੰ ਕਿਰਪਾਨ ਪਹਿਨਣ ਦੇ ਆਧਾਰ 'ਤੇ ਪ੍ਰੀਖਿਆ ਹਾਲ ਵਿੱਚ ਦਾਖਲ ਹੋਣ ਤੋਂ ਰੋਕਣ ਦੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਇਸ ਨੂੰ ਭਾਰਤੀ ਸੰਵਿਧਾਨ ਅਤੇ ਸਿੱਖ ਧਾਰਮਿਕ ਅਧਿਕਾਰਾਂ ਦੀ ਉਲੰਘਣਾ ਦੱਸਿਆ। ਉਨ੍ਹਾਂ ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਤੁਰੰਤ ਕਾਰਵਾਈ ਦੀ ਮੰਗ ਕੀਤੀ। ਪ੍ਰੋ. ਸਰਚਾਂਦ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਪੱਤਰ ਲਿਖ ਕੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਦੁਹਰਾਉਣ ਤੋਂ ਰੋਕਣ ਲਈ ਤੁਰੰਤ ਨਿੱਜੀ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਸਿੱਖ ਜਗਤ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾਉਣ ਦੀ ਤਿਆਰੀ ਕਰ ਰਿਹਾ ਹੈ, ਅਜਿਹੀ ਸਥਿਤੀ ਵਿੱਚ ਇਹ ਚਿੰਤਾ ਦਾ ਵਿਸ਼ਾ ਹੈ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿੱਖ ਬੱਚਿਆਂ ਨੂੰ ਸਿੱਖ ਕਕਾਰ ਕਿਰਪਾਨ ਅਤੇ ਕੜਾ ਪਹਿਨਣ ਕਾਰਨ ਪ੍ਰੀਖਿਆ ਕੇਂਦਰਾਂ ਵਿੱਚ ਦਾਖਲ ਹੋਣ ਤੋਂ ਰੋਕਣ ਦੇ ਕਈ ਮਾਮਲੇ ਸਾਹਮਣੇ ਆ ਰਹੇ ਹਨ। ਇਹ ਸਿੱਖਾਂ ਵਿੱਚ ਵਿਰੋਧ ਦਾ ਕਾਰਨ ਬਣਦਾ ਜਾ ਰਿਹਾ ਹੈ। ਪ੍ਰੋ. ਸਰਚਾਂਦ ਸਿੰਘ ਨੇ ਜ਼ੋਰ ਦੇ ਕੇ ਸਪੱਸ਼ਟ ਕੀਤਾ ਕਿ ਭਾਰਤੀ ਸੰਵਿਧਾਨ ਦੀ ਧਾਰਾ 25 ਅਤੇ 29 ਸਿੱਖਾਂ ਨੂੰ ਆਪਣੇ ਧਾਰਮਿਕ ਚਿੰਨ੍ਹ ਪਹਿਨਣ ਦਾ ਪੂਰਾ ਅਧਿਕਾਰ ਦਿੰਦੀ ਹੈ। ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ ਅਤੇ ਹੋਰ ਸਰਕਾਰੀ- ਨਿੱਜੀ ਸੰਸਥਾਵਾਂ ਵਿੱਚ ਸਿੱਖਾਂ ਨਾਲ ਅਜਿਹਾ ਵਿਤਕਰਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪ੍ਰੋ. ਸਰਚਾਂਦ ਸਿੰਘ ਨੇ ਚੇਤਾਵਨੀ ਦਿੱਤੀ ਕਿ ਅਜਿਹੇ ਕਦਮ ਉਨ੍ਹਾਂ ਤੱਤਾਂ ਦੀ ਸਾਜ਼ਿਸ਼ ਹੋ ਸਕਦੇ ਹਨ ਜੋ ਸਿੱਖਾਂ ਅਤੇ ਭਾਜਪਾ ਵਿਚਕਾਰ ਬਣੇ ਵਿਸ਼ਵਾਸ ਨੂੰ ਕਮਜ਼ੋਰ ਕਰਕੇ ਸਿੱਖਾਂ ਨੂੰ ਹਾਸ਼ੀਏ 'ਤੇ ਧੱਕਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਰਾਜਸਥਾਨ ਦਾ ਮਾਮਲਾ ਉੱਥੇ ਦੀ ਭਾਜਪਾ ਸਰਕਾਰ ਦੀ ਛਵੀ 'ਤੇ ਸਵਾਲ ਹੀ ਨਹੀਂ ਉਠਾਉਂਦਾ ਸਗੋਂ ਭਾਜਪਾ ਸਰਕਾਰ ਦਾ ਅਕਸ ਖ਼ਰਾਬ ਕਰਨ ਦਾ ਸਾਧਨ ਬਣਦਾ ਹੈ। ਇਸ ਲਈ, ਸਿੱਖਾਂ ਨਾਲ ਵਿਤਕਰਾ ਕਰਨ ਵਾਲੇ ਅਧਿਕਾਰੀਆਂ ਦੀ ਤੁਰੰਤ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਸਰਕਾਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਿੱਖਾਂ ਦੀ ਧਾਰਮਿਕ ਪਛਾਣ ਨਾਲ ਕੋਈ ਛੇੜਛਾੜ ਨਾ ਹੋਵੇ ਅਤੇ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਨਾਲ ਕੋਈ ਸਮਝੌਤਾ ਨਾ ਹੋਵੇ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਭਾਜਪਾ ਸਰਕਾਰਾਂ ਸਿੱਖਾਂ ਦੀਆਂ ਭਾਵਨਾਵਾਂ ਅਤੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਵਚਨਬੱਧ ਹਨ। ਸਿੱਖਾਂ ਨਾਲ ਵਿਤਕਰਾ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤੁਰੰਤ ਇੱਕ ਨੋਟੀਫ਼ਿਕੇਸ਼ਨ ਜਾਰੀ ਕਰੇ ਅਤੇ ਸਾਰੇ ਰਾਜਾਂ ਅਤੇ ਪ੍ਰੀਖਿਆ ਬੋਰਡਾਂ, ਪ੍ਰੀਖਿਆ ਕੇਂਦਰਾਂ, ਹਵਾਈ ਅੱਡਿਆਂ, ਸਰਕਾਰੀ ਅਤੇ ਨਿੱਜੀ ਸੰਸਥਾਵਾਂ ਵਿੱਚ ਸੁਰੱਖਿਆ ਜਾਂਚ ਪ੍ਰਕਿਰਿਆ ਦੌਰਾਨ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਪ੍ਰਤੀ ਪੂਰਾ ਸਤਿਕਾਰ ਦਿਖਾਇਆ ਜਾਵੇਗਾ ਅਤੇ ਇਸ 'ਤੇ



ਅਮਲ ਨਾ ਕਰਨ ਵਾਲੇ ਦੋਸ਼ੀ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਯਕੀਨੀ ਬਣਾਈ ਜਾਵੇਗੀ।

# ਸਰਕਾਰ ਦਾ ਵਾਤਾਵਰਨ ਹਿਤੈਸ਼ੀ ਉਪਰਾਲਾ: ਏਕ ਪੇੜ ਮਾਂ ਕੇ ਨਾਮ

ਸ੍ਰੀ ਆਨੰਦਪੁਰ ਸਾਹਿਬ
ਸਾਂਝੀ ਸੋਚ ਬਿਊਰੋ

ਕੁਦਰਤ ਦੀ ਮਹਾਨਤਾ ਤੋਂ ਕੋਈ ਵੀ ਅਣਜਾਣ ਨਹੀਂ ਹੈ। ਮਨੁੱਖ ਦੇ ਜਨਮ ਤੋਂ ਲੈ ਕੇ ਮੌਤ ਤੱਕ ਹਰ ਪਲ, ਹਰ ਥਾਂ ਜ਼ਿੰਦਗੀ ਦੇ ਹਰ ਮੋੜ 'ਤੇ ਕੁਦਰਤ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਆਈ ਹੈ। ਕੁਦਰਤ ਦੇ ਵਿੱਚ ਪਰਮਾਤਮਾ ਦੀ ਸਭ ਤੋਂ ਵਧੀਆ ਤੇ ਉੱਤਮ ਰਚਨਾ ਪੌਦੇ/ਦਰੱਖ਼ਤ ਹਨ, ਜਿਨਾਂ ਤੋਂ ਬਿਨਾਂ ਧਰਤੀ 'ਤੇ ਮਨੁੱਖਤਾ ਦੇ ਨਾਲ਼-ਨਾਲ਼ ਜੀਵ ਜੰਤੂਆਂ ਅਤੇ ਹੋਰ ਪ੍ਰਾਣੀਆਂ ਦਾ ਜੀਵਨ ਅਸੰਭਵ ਹੈ। ਸਰਕਾਰ ਨੇ ਇਸੇ ਮਹਾਨਤਾ ਨੂੰ ਦੇਖਦੇ ਹੋਏ ਇੱਕ ਅਭਿਆਨ "ਏਕ ਪੇੜ ਮਾਂ ਕੇ ਨਾਮ" ਚਲਾਇਆ, ਜੋ ਕਿ ਬਹੁਤ ਹੀ ਸਲਾਘਾਯੋਗ ਉਪਰਾਲਾ ਹੈ। ਇਹ ਅਭਿਆਨ ਹੋਰ ਵੀ ਵਧੀਆ ਇਸ ਲਈ ਬਣ ਜਾਂਦਾ ਹੈ ਕਿਉਂਕਿ ਇਸ ਦੇ ਵਿੱਚ ਹੇਠਲੇ ਪੱਧਰ 'ਤੇ ਵਿਦਿਆਰਥੀਆਂ, ਅਧਿਆਪਕਾਂ ਤੇ ਉਹਨਾਂ ਦੇ ਮਾਪਿਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ ਤੇ ਇਸ ਅਭਿਆਨ ਨੂੰ ਸਿੱਧੇ ਤੌਰ 'ਤੇ ਮਾਂ ਦੇ ਨਾਲ਼ ਜੋੜਿਆ ਗਿਆ। 'ਜਨਮ ਦੇਣ ਵਾਲੀ ਤੇ ਧਰਤੀ' ਇਹ ਦੋਵੇਂ ਮਨੁੱਖ ਦੀਆਂ ਮਾਵਾਂ ਹਨ। ਜਦੋਂ ਇਨਸਾਨ ਨੂੰ ਭਾਵਨਾਤਮਕ ਤੌਰ 'ਤੇ ਉਸਦੇ ਅਤਿ ਨਜਦੀਕੀ ਸਰਵਸ੍ਰੇਸ਼ਟ ਰਿਸ਼ਤੇ ਮਾਂ ਦੇ ਨਾਲ਼ ਜੋੜ ਦਿੱਤਾ ਜਾਂਦਾ ਹੈ ਤਾਂ ਉਸ ਅਭਿਆਨ/ਪ੍ਰੋਜੈਕਟ/ਕੰਮ ਦੇ ਨਤੀਜੇ ਹੋਰ ਵੀ ਸਾਰਥਕ ਆਉਂਦੇ ਹਨ। ਸਭ ਤੋਂ ਵੱਡੀ ਗੱਲ ਹੈ ਕਿ ਛੋਟੇ-ਛੋਟੇ ਬੱਚੇ ਜਦੋਂ ਆਪਣੇ ਮਾਪਿਆਂ ਤੇ ਅਧਿਆਪਕਾਂ ਦੀ ਦੇਖਰੇਖ ਵਿੱਚ ਇਹਨਾਂ ਪੌਦਿਆਂ ਨੂੰ ਲਗਾਉਂਦੇ ਹਨ ਤੇ ਇਹਨਾਂ ਦੀ ਸੰਭਾਲ ਕਰਦੇ ਹਨ ਤਾਂ ਉਹ ਵੀ ਸਿੱਧੇ-ਅਸਿੱਧੇ ਢੰਗ ਨਾਲ ਬਚਪਨ ਤੋਂ ਹੀ ਵਾਤਾਵਰਨ ਪ੍ਰਤੀ ਸਮਰਪਿਤ ਹੋ ਜਾਂਦੇ ਹਨ। ਪੌਦਿਆਂ ਦੇ ਕਿੰਨੇ ਲਾਭ ਹਨ ਇਹ ਤਾਂ ਅਸੀਂ ਸਾਰੇ ਹੀ ਜਾਣਦੇ ਹਾਂ। ਇਸ ਦੇ ਨਾਲ਼ ਹੀ ਇਹ ਵੀ ਬਹੁਤ ਮਹੱਤਵਪੂਰਨ ਗੱਲ ਹੈ ਕਿ ਜਿਹੜੇ



ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ ਦਾ ਵਿਦਿਆਰਥੀ ਹਰਸਾਹਿਬ ਸਿੰਘ ਆਪਣੀ ਮਾਤਾ ਬਲਵਿੰਦਰ ਕੌਰ ਨਾਲ਼ ਨਿੰਮ ਦਾ ਪੌਦਾ ਲਗਾਉਂਦੇ ਹੋਏ

ਪੌਦੇ ਅਧਿਆਪਕਾਂ, ਵਿਦਿਆਰਥੀਆਂ ਜਾਂ ਹੋਰ ਲੋਕਾਂ ਵੱਲੋਂ ਲਗਾਏ ਜਾਂਦੇ ਹਨ ਉਹ ਬਹੁਤ ਹੀ ਵਧੀਆ ਗੱਲ ਹੈ, ਪਰ ਇਹ ਜਰੂਰੀ ਬਣ ਜਾਂਦਾ ਹੈ ਕਿ ਇਹਨਾਂ ਲਗਾਏ ਪੌਦਿਆਂ ਦੀ ਅਸੀਂ ਤਹਿ ਦਿਲੋਂ ਸੰਭਾਲ ਕਰੀਏ, ਬੱਚਿਆਂ ਵਾਂਗ ਇਨ੍ਹਾਂ ਦਾ ਪਾਲਣ-ਪੋਸ਼ਣ ਕਰੀਏ ਤੇ ਇਹਨਾਂ ਦੀ ਚੰਗੀ ਤਰ੍ਹਾਂ ਪਰਵ੍ਰਿਸ਼ ਕਰੀਏ, ਕਿਉਂਕਿ ਜੇਕਰ 25% ਪੌਦੇ ਵੀ ਕਾਮਯਾਬ ਹੋ ਜਾਂਦੇ ਹਨ ਤਾਂ ਇਹ ਇੱਕ ਬਹੁਤ ਵੱਡੀ ਕ੍ਰਾਂਤੀ ਹੋਵੇਗੀ। ਜੋ ਕਿ ਪੂਰੀ ਦੁਨੀਆ ਵਿੱਚ ਇੱਕ ਨਵੀਂ ਸੇਧ ਦੇਣ ਵਾਲੀ ਉਦਾਹਰਨ ਹੋ ਸਕਦੀ ਹੈ ਤੇ ਧਰਤੀ ਦੇ ਉੱਤੇ ਵਣ-ਰਕਬਾ ਵਧ ਸਕਦਾ ਹੈ। ਜੋ ਕਿ ਭਵਿੱਖ ਲਈ ਸਭ ਦੇ ਲਈ ਹਿਤੈਸ਼ੀ ਹੋਵੇਗਾ। ਬੱਸ! ਲੋੜ ਹੈ ਕਿ ਇਸ ਅਭਿਆਨ ਵਿੱਚ ਹਰ ਨਾਗਰਿਕ, ਹਰ ਵਿਦਿਆਰਥੀ, ਹਰ ਅਧਿਆਪਕ ਤੇ ਮਾਂ-ਬਾਪ ਸਮਰਪਣ ਭਾਵਨਾ ਨਾਲ ਅੱਗੇ ਆਵੇ ਤੇ ਪਰਉਪਕਾਰ ਦੀ ਭਾਵਨਾ ਬਣਾਵੇ। ਹੋਰ ਵੀ ਚੰਗੀ ਗੱਲ ਹੈ ਕਿ ਜੇਕਰ ਅਧਿਆਪਕ ਯਥਾਸੰਭਵ ਯੋਗਦਾਨ ਪਾ ਕੇ ਵਧੀਆ ਕਿਸਮ ਦੇ ਫਲਦਾਰ ਪੌਦੇ ਆਪਣੇ ਵਲੋਂ ਉਪਰਾਲੇ ਕਰਕੇ , ਖੁਦ ਖਰੀਦ ਕੇ ਆਪਣੇ ਵਿਦਿਆਰਥੀਆਂ ਦੇ ਘਰੇ ਜਾਂ ਉਨ੍ਹਾਂ ਦੇ ਖੇਤਾਂ/ਵਾੜਿਆਂ ਆਦਿ ਥਾਵਾਂ 'ਤੇ ਲਗਾਵੇ ਤਾਂ ਵਿਦਿਆਰਥੀਆਂ ਵਿੱਚ ਹੋਰ ਵੀ ਜਿਆਦਾ ਉਤਸਾਹ ਵਧੇਗਾ ਅਤੇ ਉਹ ਛਾਂਦਾਰ, ਫਲਦਾਰ ਤੇ ਹੋਰ ਹਰ ਤਰ੍ਹਾਂ ਦੇ ਪੌਦਿਆਂ ਨੂੰ ਪਿਆਰ ਵੀ ਕਰਨਗੇ ਤੇ ਫ਼ਲ ਦੀ ਆਸ ਦੇ ਨਾਲ਼ ਇਹਨਾਂ ਦੀ ਸੰਭਾਲ ਵੀ ਕਰਨਗੇ। ਇਸ ਅਭਿਆਨ "ਏਕ ਪੇੜ ਮਾਂ ਕੇ ਨਾਮ" ਦਾ ਇੱਕ ਹੋਰ ਪਹਿਲੂ ਇਹ ਵੀ ਹੈ ਕਿ ਛੋਟੀ ਉਮਰ ਵਿੱਚ ਹੀ ਵਿਦਿਆਰਥੀ ਆਪਣੇ ਮਾਤਾ-ਪਿਤਾ ਅਤੇ ਧਰਤੀ ਮਾਤਾ ਦਾ ਵੀ ਸਤਿਕਾਰ ਕਰਨਾ ਸਿਖਣਗੇ। ਸਰਕਾਰ ਵੱਲੋਂ ਚਲਾਏ ਗਏ ਇਸ ਅਭਿਆਨ "ਏਕ ਪੇੜ ਮਾਂ ਕੇ ਨਾਮ" ਦਾ ਚੰਗਾ ਸੰਦੇਸ਼ ਸਮੁੱਚੀ ਦੁਨੀਆ ਵਿੱਚ ਵੀ ਜਾ ਰਿਹਾ ਹੈ। ਕੁਦਰਤ ਬੇਅੰਤ ਹੈ, ਪਰਮਾਤਮਾ ਦਾ ਦੂਸਰਾ ਨਾਂ ਤੇ ਰੂਪ ਹੀ ਕੁਦਰਤ ਹੈ। ਕੁਦਰਤ ਸਾਡੇ ਵੱਲੋਂ ਕੀਤੇ ਗਏ ਹਰ ਕਰਮ ਦਾ ਫਲ ਦੇਰ-ਸਵੇਰ ਮਨੁੱਖ ਨੂੰ ਦਿੰਦੀ ਹੈ। ਇਸ ਲਈ ਆਓ! ਸਭ ਰਲ ਕੇ ਸਰਕਾਰ ਦੇ ਵੱਲੋਂ ਚਲਾਏ ਇਸ ਅਭਿਆਨ "ਏਕ ਪੇੜ ਮਾਂ ਕੇ ਨਾਮ" ਵਿੱਚ ਸਮਰਪਣ ਤੇ ਪਰਉਪਕਾਰ ਦੀ ਭਾਵਨਾ ਨਾਲ਼ ਮਾਨਵ-ਹਿਤੈਸ਼ੀ ਬਣਨ ਦਾ ਸਬੂਤ ਦਿੰਦੇ ਹੋਏ ਵੱਧ ਤੋਂ ਵੱਧ ਪੌਦੇ ਲਗਾਈਏ, ਉਹਨਾਂ ਦੀ ਸੰਭਾਲ ਕਰੀਏ ਅਤੇ ਆਪਣੇ ਦੇਸ਼ ਨੂੰ ਪੂਰੀ ਦੁਨੀਆ ਵਿੱਚ ਸਰਵਸ੍ਰੇਸ਼ਟ, ਹਰਾ-ਭਰਾ ਤੇ ਸਾਫ-ਸੁਥਰਾ ਬਣਾਈਏ ਅਤੇ ਖੁਸ਼ਹਾਲ ਜੀਵਨ ਦੀ ਨੀਂਹ ਰੱਖੀਏ।

# ਮਨਸਾ ਦੇਵੀ ਮੰਦਰ ਹਾਦਸੇ ਵਿੱਚ ਮਰਨ ਵਾਲਿਆਂ ਦੀ ਆਈ ਸੂਚੀ

ਹਰਿਦੁਆਰ
ਸਾਂਝੀ ਸੋਚ ਬਿਊਰੋ

ਹਰਿਦੁਆਰ ਵਿੱਚ ਮਨਸਾ ਦੇਵੀ ਹਾਦਸੇ ਵਿੱਚ ਮ੍ਰਿਤਕਾਂ ਅਤੇ ਜ਼ਖਮੀਆਂ ਦੀ ਸੂਚੀ ਆ ਗਈ ਹੈ। ਸ਼ਰਧਾਲੂਆਂ ਵਿੱਚੋਂ ਇੱਕ ਬਿਹਾਰ ਦਾ, ਇੱਕ ਉਤਰਾਖੰਡ ਦਾ ਅਤੇ ਚਾਰ ਯੂਪੀ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਹਨ। 22 ਜ਼ਖਮੀਆਂ ਵਿੱਚੋਂ 13 ਉੱਤਰ ਪ੍ਰਦੇਸ਼ ਤੋਂ ਹਨ, ਜਦੋਂ ਕਿ 6 ਸ਼ਰਧਾਲੂ ਬਿਹਾਰ ਤੋਂ ਹਨ ਅਤੇ ਇੱਕ-ਇੱਕ ਹਰਿਆਣਾ ਅਤੇ ਦਿੱਲੀ ਤੋਂ ਹੈ। ਇੱਕ ਜ਼ਖਮੀ ਵਿਅਕਤੀ ਦਾ ਪਤਾ ਨਹੀਂ ਲੱਗ ਸਕਿਆ ਹੈ ਕਿ ਉਹ ਕਿੱਥੇ ਹੈ। ਇਸ ਹਾਦਸੇ ਤੋਂ ਬਾਅਦ ਉਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਆਪਣੇ ਟਵੀਟ ਵਿੱਚ ਲਿਖਿਆ-ਹਰਿਦੁਆਰ ਦੇ ਮਨਸਾ ਦੇਵੀ ਮੰਦਰ ਸੜਕ 'ਤੇ ਹੋਏ ਦਿਲ ਦਹਿਲਾ ਦੇਣ ਵਾਲੇ ਹਾਦਸੇ ਵਿੱਚ 6 ਲੋਕਾਂ ਦੀ ਮੌਤ ਦੀ ਖ਼ਬਰ ਬਹੁਤ ਦੁਖਦਾਈ ਹੈ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਵੇ ਅਤੇ ਦੁਖੀ ਪਰਿਵਾਰ ਨੂੰ ਇਸ ਅਥਾਹ ਦੁੱਖ ਨੂੰ ਸਹਿਣ ਦੀ ਤਾਕਤ ਦੇਵੇ। ਸੂਬਾ ਸਰਕਾਰ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਅਤੇ ਜ਼ਖਮੀਆਂ ਨੂੰ



50,000 ਰੁਪਏ ਦੀ ਸਹਾਇਤਾ ਦੇਵੇਗੀ। ਇਸ ਦੇ ਨਾਲ ਹੀ ਘਟਨਾ ਦੀ ਮੈਜਿਸਟ੍ਰੇਟ ਜਾਂਚ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਐਸਐਸਪੀ ਡੋਵਾਲ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਾਦਸੇ ਦਾ ਕਾਰਨ ਪੌੜੀਆਂ ਤੋਂ 100 ਮੀਟਰ ਹੇਠਾਂ ਇੱਕ ਰੇਲਿੰਗ ਦੇ ਨੇੜੇ ਬਿਜਲੀ ਦੇ ਝਟਕੇ ਦੀ ਅਫਵਾਹ ਸੀ। ਉਨ੍ਹਾਂ ਕਿਹਾ, 'ਜਿਵੇਂ ਹੀ ਭੀੜ ਵਿੱਚ ਇਹ ਅਫਵਾਹ ਫੈਲ ਗਈ ਕਿ ਰੇਲਿੰਗ ਵਿੱਚ ਕਰੰਟ ਲੱਗ ਰਿਹਾ ਹੈ, ਸ਼ਰਧਾਲੂਆਂ ਵਿੱਚ ਭਗਦੜ ਮੱਚ ਗਈ। ਲੋਕ ਇਧਰ-ਉਧਰ ਭੱਜਣ ਲੱਗੇ ਅਤੇ ਬਹੁਤ ਸਾਰੇ ਲੋਕ ਪੌੜੀਆਂ 'ਤੇ ਡਿੱਗ ਪਏ।' ਸਮਾਜਿਕ ਕਾਰਕੁਨ ਜੇਪੀ ਬਦਾਨੀ ਨੇ ਇਸ ਘਟਨਾ ਨੂੰ ਪ੍ਰਸ਼ਾਸਨ ਦੀ ਵੱਡੀ ਅਸਫਲਤਾ ਦੱਸਿਆ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਮੰਦਰ ਦੇ ਪ੍ਰਬੰਧਨ ਲਈ ਕੁਲੈਕਟਰ ਅਤੇ ਐਸਐਸਪੀ ਨੂੰ ਵਿਸ਼ੇਸ਼ ਜ਼ਿੰਮੇਵਾਰੀ ਦਿੱਤੀ ਸੀ, ਫਿਰ ਵੀ ਇੱਥੇ ਕੋਈ ਪ੍ਰਭਾਵਸ਼ਾਲੀ ਸੁਰੱਖਿਆ ਪ੍ਰਬੰਧ ਨਹੀਂ ਕੀਤੇ ਗਏ। ਉਨ੍ਹਾਂ ਮੰਦਰ ਕੰਪਲੈਕਸ ਵਿੱਚ ਗੈਰ-ਕਾਨੂੰਨੀ ਦੁਕਾਨਾਂ ਦੀ ਸਥਾਪਨਾ 'ਤੇ ਵੀ ਸਵਾਲ ਉਠਾਏ ਅਤੇ ਕਿਹਾ ਕਿ ਮੰਦਰ ਸਿਰਫ ਪੈਸਾ ਕਮਾਉਣ ਲਈ ਬਣਾਇਆ ਗਿਆ ਹੈ, ਸ਼ਰਧਾਲੂਆਂ ਦੀ ਸੁਰੱਖਿਆ ਲਈ ਕੋਈ ਪ੍ਰਬੰਧ ਨਹੀਂ ਹੈ।

## ਰੱਬਾ ਇੰਨੇ ਜੋਗਾ ਕਰਦੇ ਕਿ ਲੋਕ ਕਹਿਣ ਇੰਨੇ ਜੋਗਾ ਕਿੱਥੇ ਸੀ...




# ਸਿੱਖ ਗੁਰਦੁਆਰਾ ਸੈਨ ਹੋਜ਼ੇ ਪ੍ਰਬੰਧਕ ਕਮੇਟੀ ਮੈਂਬਰ ਚੋਣ ਨੋਟਿਸ

**ਪਿਆਰੇ ਮੈਂਬਰ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

ਤੁਸੀਂ ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਇੱਕ ਸਰਗਰਮ ਰਜਿਸਟਰਡ ਜਨਰਲ ਬਾਡੀ ਮੈਂਬਰ ਹੋਣ ਦੇ ਨਾਤੇ, ਵੋਟਰ ਵਜੋਂ ਸਾਲ 2025 ਦੀ ਚੋਣ ਵਿੱਚ ਹਿੱਸਾ ਲੈਣ ਦੇ ਯੋਗ ਹੋ। ਸਾਰੇ ਰਜਿਸਟਰਡ ਮੈਂਬਰ ਜੋ 2019 ਪ੍ਰਬੰਧਕ ਕਮੇਟੀ ਚੋਣ ਵਿੱਚ ਵੋਟ ਪਾਉਣ ਦੇ ਯੋਗ ਸਨ ਅਤੇ ਜਿਨ੍ਹਾਂ ਨੇ ਬਾਅਦ ਵਿੱਚ ਰਜਿਸਟਰ ਨਵੀਨੀਕਰਨ ਕੀਤਾ ਹੈ, ਇਸ ਚੋਣ ਵਿੱਚ ਹਿੱਸਾ ਲੈਣ ਦੇ ਯੋਗ ਹੋਣਗੇ। 21 ਪ੍ਰਬੰਧਕ ਕਮੇਟੀ ਉਮੀਦਵਾਰਾਂ ਦੀ ਚੋਣ 12 ਅਕਤੂਬਰ, 2025 ਨੂੰ ਹੋਣੀ ਤੈਅ ਹੈ। ਚੋਣ ਸੈਨ ਹੋਜ਼ੇ ਗੁਰਦੁਆਰੇ ਵਿਖੇ ਸਵੇਰੇ 8:00 ਵਜੇ ਤੋਂ ਰਾਤ 8:00 ਵਜੇ ਤੱਕ ਹੋਵੇਗੀ।

ਚੋਣ ਵਾਲੇ ਦਿਨ, ਤੁਹਾਨੂੰ ਹੇਠ ਲਿਖੀਆਂ ਚੀਜ਼ਾਂ ਆਪਣੇ ਨਾਲ ਲਿਆਉਣੀਆਂ ਚਾਹੀਦੀਆਂ ਹਨ:

ਫੋਟੋ ਆਈਡੀ: ਹੇਠਾਂ ਦਿੱਤੇ ਸਵੀਕਾਰਯੋਗ ਫੋਟੋ ਆਈਡੀ ਫਾਰਮ ਹਨ ਜੋ ਸੈਂਟਾ ਕਲੈਰਾ, ਸੈਂਟਾ ਕਰੂਜ਼, ਕੱਟਰਾ ਕੈਸਟਾ, ਮੋਨਟਰੇ, ਸੈਨ ਮਾਟੇਓ, ਸੈਨ ਬੇਨੀਤੋ ਕਾਉਂਟੀਆਂ ਦੇ ਅੰਦਰ ਮੌਜੂਦਾ ਪਤੇ ਨੂੰ ਦਰਸਾਉਂਦੇ ਹਨ, ਅਸੀਂ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਚੋਣਾਂ ਤੋਂ ਪਹਿਲਾਂ ਕੈਲੀਫੋਰਨੀਆ ਦੀ ਰੀਅਲ ਆਈਡੀ ਪ੍ਰਾਪਤ ਕਰੋ। ਅਮਰੀਕੀ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਡਰਾਈਵਿੰਗ ਲਾਇਸੈਂਸ ਆਈਡੀ ਪਾਸਪੋਰਟ/ਗ੍ਰੀਨ ਕਾਰਡ (ਜੇਕਰ ਆਈਡੀ ਤੁਹਾਡਾ ਮੌਜੂਦਾ ਪਤਾ ਨਹੀਂ ਦਿਖਾਉਂਦੀ ਹੈ, ਤਾਂ ਤੁਹਾਨੂੰ ਅਸਲ ਉਪਯੋਗਤਾ ਬਿੱਲ/ਯੂਐਸ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਪੱਤਰ ਵੈਧ ਪਤੇ ਦੇ ਨਾਲ ਲਿਆਉਣਾ ਚਾਹੀਦਾ ਹੈ, ਬਸ਼ਰਤੇ ਕਿ ਰਜਿਸਟ੍ਰੇਸ਼ਨ ਦੇ ਸਮੇਂ ਉਸ ਕਿਸਮ ਦੀ ਪਛਾਣ ਦੀ ਵਰਤੋਂ ਕੀਤੀ ਗਈ ਹੋਵੇ। ਇਹ ਦਸਤਾਵੇਜ਼ 6 ਮਹੀਨਿਆਂ ਤੋਂ ਪੁਰਾਣੇ ਨਹੀਂ ਹੋਣੇ ਚਾਹੀਦੇ।

ਤੁਹਾਡਾ ਰਜਿਸਟ੍ਰੇਸ਼ਨ ਨੰਬਰ ਜੋ ਪਤੇ ਦੇ ਲੇਬਲ ਦੇ ਉੱਪਰ ਛਾਪਿਆ ਗਿਆ ਹੈ। ਤੁਸੀਂ ਇਹ ਕਾਰਡ ਆਪਣੇ ਨਾਲ ਲਿਆ ਸਕਦੇ ਹੋ।

ਜਨਰਲ ਬਾਡੀ ਮੈਂਬਰ ਜੋ ਗੁਰਦੁਆਰਾ ਸਾਹਿਬ ਉਪ-ਨਿਯਮਾਂ (sanjosegurdwara.org 'ਤੇ ਉਪਲਬਧ) ਵਿੱਚ ਸੂਚੀ ਬੱਧ ਵਾਧੂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ, ਉਹ ਪ੍ਰਬੰਧਕ ਕਮੇਟੀ ਲਈ ਚੋਣ ਲੜਨ ਦੇ ਯੋਗ ਹਨ।

ਚੋਣ ਉਮੀਦਵਾਰਾਂ ਲਈ ਅਰਜ਼ੀਆਂ 7/2/2025 ਤੋਂ ਮੁੱਖ ਸੇਵਾਦਾਰ ਭੁਪਿੰਦਰ (ਬੌਬ) ਸਿੰਘ ਢਿੱਲੋਂ) ਤੋਂ ਉਪਲਬਧ ਹੋਣਗੀਆਂ ਅਤੇ 07/08/2025, ਸ਼ਾਮ 6:00 ਵਜੇ ਤੱਕ ਮੁੱਖ ਸੇਵਾਦਾਰ ਨੂੰ $1,000 ਫੀਸ ਨਾਲ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਜੋ ਕਿ ਸਿੱਖ ਗੁਰਦੁਆਰਾ ਸੈਨ ਹੋਜ਼ੇ ਨੂੰ ਕੈਸ਼ੀਅਰ ਚੈੱਕ ਦੁਆਰਾ ਅਦਾ ਕੀਤੀ ਜਾ ਸਕਦੀ ਹੈ। ਉਮੀਦਵਾਰ ਦੀ ਅਰਜ਼ੀ 7/9/2025-7/15/2025, ਸ਼ਾਮ 6:00 ਵਜੇ ਤੱਕ ਵਾਪਸ ਲਈ ਜਾ ਸਕਦੀ ਹੈ।

ਸਾਰੀਆਂ ਸਲੇਟਾਂ (ਸਮੂਹਾਂ) / ਯੋਗ ਚੋਣ ਉਮੀਦਵਾਰਾਂ ਦੇ ਆਧਾਰ 'ਤੇ, ਸਿੱਖ ਗੁਰਦੁਆਰਾ ਸੈਨ ਹੋਜ਼ੇ ਦੇ ਉਪ-ਨਿਯਮਾਂ ਅਨੁਸਾਰ 6 ਮੈਂਬਰਾਂ ਦੀ ਇੱਕ ਚੋਣ ਕਮੇਟੀ ਬਣਾਈ ਜਾਵੇਗੀ। ਚੋਣ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਯੋਗ ਪ੍ਰਬੰਧਕ ਕਮੇਟੀ ਦੇ ਉਮੀਦਵਾਰਾਂ ਦੀਆਂ ਅਰਜ਼ੀਆਂ ਚੋਣ ਕਮੇਟੀ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ। ਇਹ ਚੋਣ ਕਮੇਟੀ (EC), ਛੇ ਮੈਂਬਰਾਂ ਦੀ ਉਪ-ਕਮੇਟੀ ਜੋ ਵਾਧੂ ਮੈਂਬਰਸ਼ਿਪ ਰਜਿਸਟ੍ਰੇਸ਼ਨ 7/30/2025 - 9/2/2025 ਦੇ ਵਿਚਕਾਰ ਛੇ (6) ਰਜਿਸਟ੍ਰੇਸ਼ਨ ਸੈਸ਼ਨ ਕਰੇਗੀ ਅਤੇ ਪ੍ਰਬੰਧਕ ਕਮੇਟੀ ਚੋਣਾਂ ਦਾ ਪ੍ਰਬੰਧ ਕਰੇਗੀ। ਚੋਣ ਕਮੇਟੀ ਹਰੇਕ ਉਮੀਦਵਾਰ ਨੂੰ ਅੰਤਿਮ ਅਤੇ ਸੰਪੂਰਨ ਮੈਂਬਰਸ਼ਿਪ ਰਿਕਾਰਡ ਦੀ ਇੱਕ ਸਾਫਟ ਕਾਪੀ (ਰਿਕਾਰਡ 'ਤੇ ਨਾਮ, ਪਤਾ, ਫ਼ੋਨ ਨੰਬਰ ਅਤੇਈਮੇਲ) ਅਤੇ ਇੱਕ ਹਾਰਡ ਕਾਪੀ (ਜੇਕਰ ਕਿਸੇ ਵੀ ਉਮੀਦਵਾਰ ਦੁਆਰਾ ਬੇਨਤੀ ਕੀਤੀ ਜਾਂਦੀ ਹੈ) $200 ਦੀ ਨਕਦੀ ਜਾਂ ਸਿੱਖ ਗੁਰਦੁਆਰਾ ਸੈਨ ਹੋਜ਼ੇ ਨੂੰ ਭੁਗਤਾਨਯੋਗ ਕੈਸ਼ੀਅਰ ਚੈੱਕ ਦੇ ਭੁਗਤਾਨ 'ਤੇ ਪ੍ਰਦਾਨ ਕਰੇਗੀ। ਨਮੂਨਾ ਬੈਲਟ 11 ਸਤੰਬਰ, 2025 ਤੱਕ ਗੁਰਦੁਆਰਾ ਬੁਲੇਟਿਨ ਬੋਰਡ ਅਤੇ ਗੁਰਦੁਆਰਾ ਵੈੱਬਸਾਈਟ ਤੇ ਪੋਸਟ ਕੀਤਾ ਜਾਵੇਗਾ | ਵੋਟਿੰਗ ਲਈਅਧਿਕਾਰਤ ਬੈਲਟ ਤੁਹਾਨੂੰ ਵੋਟਿੰਗ ਸਟੇਸ਼ਨ 'ਤੇ ਦਿੱਤਾ ਜਾਵੇਗਾ। ਚੋਣਾਂ ਵਾਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੋਈ ਚੋਣ ਮੁਹਿੰਮ ਨਹੀਂ ਹੋਵੇਗੀ। ਚੋਣ ਨਤੀਜੇ 12 ਅਕਤੂਬਰ, 2025 ਦੀ ਦੇਰ ਰਾਤ ਨੂੰ ਐਲਾਨੇ ਜਾਣਗੇ।

ਨਤੀਜੇ ਐਲਾਨੇ ਜਾਣ ਤੋਂ 30 ਦਿਨਾਂ ਬਾਅਦ ਚੋਣ ਕਮੇਟੀ ਭੰਗ ਕਰ ਦਿੱਤੀ ਜਾਵੇਗੀ। ਨੋਟ: ਲੋੜ ਪੈਣ ਤੇ ਦਰਸਾਈਆਂ ਤਰੀਕਾਂ ਵਿੱਚ ਬਦਲਾ ਹੋ ਸਕਦਾ ਹੈ।
ਕਿਸੇ ਵੀ ਸਵਾਲ ਜਾਂ ਹੋਰ ਵਾਧੂ ਜਾਣਕਾਰੀ ਲਈ
**ਪ੍ਰਧਾਨ ਭੁਪਿੰਦਰ ਸਿੰਘ ਢਿੱਲੋਂ (408-568-0034) ਨਾਲ ਸੰਪਰਕ ਕਰੋ।**




# SIKH GURDWARA SAN JOSE

## Election Notice for Parbandhak Committee Members

Dear member,
Waheguru Ji Ka Khalsa, Waheguru Ji Ki Fateh,
You being an active registered General Body Member of the Sikh Gurdwara San Jose, are eligible to participate in year 2025 election as a Voter. All registered members who were eligible to vote in 2019 Parbandhak committee election and those who have registered/renewed after, will be eligible to participate in this election.
The 21 Parbandhak committee candidates' election has been scheduled to be held on October 12, 2025. The election will be held at the San Jose Gurdwara between the hours of
8:00 AM to 8:00 PM. On the Election Day, you must bring the following with you:
1. Photo ID: The following are acceptable forms of photo ID that shows current address within the counties of Santa Clara, Santa Cruz, Contra Costa, Monterey, San Mateo, San Benito. We recommend that you obtain a California Real ID before the Election.
• US Government issued driver license/ID
• Passport/Green Card (If ID does not show your current address, then must bring original Utility Bill/US Government issued letter with valid address, provided that type of
identification was used at time of registration). These documents must not be older than 6 months.
2. Your registration number which is printed on top of the address label. You can bring this card with you.
3. General body members who satisfy additional requirements as listed in the Gurdwara Sahib bylaws (available on www.sanjosegurdwara.org) are eligible to run for election to the Parbandhak Committee member. Applications for election candidates will be available from the President (Bhupindar (Bob) Singh Dhillon)) from 7/02/2025 and must be submitted to the President through 07/08/2025, 6:00PM with a $1,000 fee, payable by cashier check to Sikh Gurdwara San Jose. Candidate application can be withdrawn from 7/9/2025 to 7/15/2025, 6:00PM.
4. Based on all slates (groups) / qualified election candidates, an Election Committee of 6 members will be formed per bylaws of Sikh Gurdwara San Jose. Applications of all qualified Parbandhak Committee candidates will be provided to the Election Committee to carry over the election process.
5. The election committee (EC), sub-committee will do additional membership registration and election arrangements. The Election Committee will conduct six (6) membership registration sessions between 7/30/2025 – 9/2/2025.
6. The Election Committee will provide a soft copy of final and complete membership record to each candidate (Name, address, phone number & email on record) and a hard copy (if requested by any candidate) upon payment of $200 cost as cash or cashier check made payable to Sikh Gurdwara San Jose.
7. Sample ballot will be posted at Gurdwara bulletin board and on Gurdwara website by September 11, 2025. The official ballot for voting will be given to you at the voting station. There will be no election campaign at the Gurdwara Sahib on Election Day. The election results will be announced on late night of October 12, 2025. The Election Committee will be dissolved 30 days after election results are declared.
8. Consult President Bhupindar Singh Dhillon (408-568-0034) for any questions or other additional information.
P.S. If required, the dates stated above might get changed.
Regards,
**Bhupindar (Bob) Singh Dhillon**
**President (Sikh Gurdwara San Jose)**
**Phone: 408-568-0034**


ਗਦਰ ਮੈਮੋਰੀਅਲ ਫਾਊਂਡੇਸ਼ਨ ਆਫ਼ ਯੂ ਐਸ ਏ ਵੱਲੋਂ
25ਵਾਂ ਸਾਲਾਨਾ ਮੇਲਾ ਗਦਰੀ ਬਾਬਿਆਂ ਦਾ
ਸੋਹਣ ਸਿੰਘ ਭਕਨਾ
ਬਾਬਾ ਵਿਸਾਖਾ ਸਿੰਘ
ਸ਼ਹੀਦ ਊਧਮ ਸਿੰਘ
ਕਰਤਾਰ ਸਿੰਘ ਸਰਾਭਾ
ਸ਼ਹੀਦ ਭਗਤ ਸਿੰਘ
ਗਦਰ ਪਾਰਟੀ ਦੇ ਸ਼ਹੀਦਾਂ
ਸਮੂਹ ਇਨਕਲਾਬੀਆਂ ਤੇ ਦੇਸ਼ ਭਗਤਾਂ ਦੀ
ਯਾਦ 'ਚ ਮੇਲਾ
3 ਅਗਸਤ, 2025 ਦਿਨ ਐਤਵਾਰ
ਦੁਪਹਿਰ 2 ਵਜੇ ਤੋਂ ਸ਼ਾਮ 5 ਵਜੇ ਤੱਕ
ਸਭ ਨੂੰ ਇਸ ਸੱਦੇ ਤੇ ਆਉਣ ਲਈ ਬੇਨਤੀ ਹੈ
Free Enrty, Free Food.
Hotel Holiday Inn Express
ਦੇ Yuba Hall ਵਿਖੇ ਮਨਾਇਆ ਜਾ ਰਿਹਾ ਹੈ
9175 W Stockton Blvd, Elk Grove, CA 95758
ਇਹ Highway 99 ਅਤੇ Laguna Blvd ਦੇ Corner ਉੱਤੇ ਹੈ
Host
ਜੋਤ ਰਣਜੀਤ
ਮੁੱਖ ਮਹਿਮਾਨ
Thein Ho
District Attorney
Sacramento County.
Dr. Pirthipal Singh Sohi
Political Analysts
Parmvir Singh Baath
Dr. Harinder Kaur Sohi
ਲੇਖਕ
Narinder Kaur Bharaj
Inderjit Kaur Mann
Bobby Singh Allen
Moyer of Elk Grove.
ਵਧੇਰੇ ਜਾਣਕਾਰੀ ਲਈ ਕਾਲ ਕਰੋ
(916) 256 7497, (916) 844-5310, (916) 289-5956

# ਮੁੱਖ ਮੰਤਰੀ ਦੇ ਖੇਤਾਂ ਦੇ ਦੌਰੇ ਨੂੰ ਇਤਿਹਾਸਕ ਕਦਮ ਦੱਸਦਿਆਂ ਸ਼ੁਕਰਗੁਜ਼ਾਰ ਹੋਏ ਪਿੰਡ ਵਾਸੀ

**ਚੰਡੀਗੜ੍ਹ ਸਾਂਝੀ ਸੋਚ ਬਿਊਰੋ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅੱਜ ਜਦੋਂ ਇਸ ਇਲਾਕੇ ਦੇ ਖੇਤਾਂ ਦਾ ਦੌਰਾ ਕੀਤਾ ਗਿਆ ਤਾਂ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਪਿੰਡ ਵਾਸੀਆਂ ਨੇ ਕਿਹਾ ਕਿ ਪਿਛਲੇ 70 ਸਾਲਾਂ ਵਿੱਚ ਉਨ੍ਹਾਂ ਨੇ ਪਹਿਲੀ ਵਾਰ ਇਸ ਇਤਿਹਾਸਕ ਪਲ ਨੂੰ ਦੇਖਿਆ ਹੈ ਜਦੋਂ ਸੂਬੇ ਦਾ ਮੁਖੀ ਪ੍ਰਮੁੱਖ ਮੁੱਦਿਆਂ 'ਤੇ ਚਰਚਾ ਕਰਨ ਲਈ ਉਨ੍ਹਾਂ ਕੋਲ ਖੁਦ ਚੱਲ ਕੇ ਆਏ ਹਨ।

ਕਿਸਾਨਾਂ ਵਿੱਚ ਬਲਵਿੰਦਰ ਸਿੰਘ ਪੁੱਤਰ ਹਰਮਿੰਦਰ ਸਿੰਘ, ਨਾਇਬ ਸਿੰਘ ਪੁੱਤਰ ਦਰਸ਼ਨ ਸਿੰਘ, ਅਵਤਾਰ ਸਿੰਘ ਓਟਾਲਾ ਪੁੱਤਰ ਸੰਪੂਰਨ ਸਿੰਘ, ਮੇਹਰ ਸਿੰਘ ਪੁੱਤਰ ਇੰਦਰ ਸਿੰਘ, ਗਗਨਦੀਪ ਸਿੰਘ ਮਾਨ (ਸਰਪੰਚ) ਪੁੱਤਰ ਬਲਵੀਰ ਸਿੰਘ ਮਾਨ, ਬਲਵੀਰ ਸਿੰਘ ਪੁੱਤਰ ਕਾਕਾ ਸਿੰਘ, ਤਾਰਾ ਸਿੰਘ, ਸੈਣ ਸਿੰਘ, ਮੇਜਰ ਸਿੰਘ, ਸ. ਸਰਵਣ ਸਿੰਘ ਪੁੱਤਰ ਸਾਧੂ ਸਿੰਘ, ਸਤਨਾਮ ਸਿੰਘ ਪੁੱਤਰ ਹਰਦਿਆਲ ਸਿੰਘ, ਜਸਦੀਪ ਸਿੰਘ, ਯਾਦਵਿੰਦਰ ਸਿੰਘ ਬਿੱਟੂ, ਅਵਤਾਰ ਸਿੰਘ ਲਿਬੜਾ, ਮਨਜੋਤ ਸਿੰਘ ਲਿਬੜਾ, ਡਾ: ਗਿਆਨ ਸਿੰਘ ਲਿਬੜਾ, ਕਿਰਨਦੀਪ ਸਿੰਘ ਲਿਬੜਾ, ਅਕਬਰ ਖਾਨ, ਨੋਨੀ ਲਿਬੜਾ, ਲਖਵੀਰ ਸਿੰਘ ਲਿਬੜਾ, ਹਰਪ੍ਰੀਤ ਸਿੰਘ ਲਿਬੜਾ, ਲਖਵੀਰ ਸਿੰਘ ਲਿਬੜਾ, ਹਰਪ੍ਰੀਤ ਸਿੰਘ ਲਿਬੜਾ, ਪਵਿੰਦਰ ਸਿੰਘ ਲਿਬੜਾ, ਹਰਪਾਲ ਸਿੰਘ ਬਾਹੋਮਾਜਰਾ, ਕੁਲਦੀਪ ਸਿੰਘ ਗੋਹ, ਜਤਿੰਦਰ ਸਿੰਘ ਗੋਹ, ਲਖਵੀਰ ਸਿੰਘ ਗੋਹ, ਮਨਸਾ ਸਿੰਘ ਅਤੇ ਮਲਕੀਤ ਸਿੰਘ ਮੀਤਾ ਨੇ ਕਿਹਾ ਕਿ ਸੂਬੇ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਮੁੱਖ ਮੰਤਰੀ ਉਨ੍ਹਾਂ ਕੋਲ ਆਇਆ ਹੈ, ਉਨ੍ਹਾਂ ਦੇ ਖੇਤਾਂ ਵਿੱਚ ਮੰਜੇ 'ਤੇ ਬੈਠਾ ਅਤੇ ਸੂਬੇ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਉਨ੍ਹਾਂ ਨਾਲ ਗੱਲਬਾਤ ਕੀਤੀ।

ਉਨ੍ਹਾਂ ਨੇ ਮੁੱਖ ਮੰਤਰੀ ਦਾ ਖੇਤਾਂ ਨੂੰ ਨਹਿਰੀ ਪਾਣੀ ਯਕੀਨੀ ਬਣਾਉਣ ਲਈ ਧੰਨਵਾਦ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪਹਿਲੀ ਵਾਰ ਪਿੰਡਾਂ ਵਿੱਚ ਅਜਿਹਾ ਅਲੋਕਾਰੀ ਵਰਤਾਰਾ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਯਤਨਾਂ ਸਦਕਾ ਨਹਿਰੀ ਪਾਣੀ ਨਾਲ ਝੋਨੇ ਦੀ ਖੇਤੀ ਹੋਈ ਹੈ ਅਤੇ ਬਿਜਲੀ ਦੀ ਨਿਯਮਤ ਸਪਲਾਈ ਨਾਲ ਇਹ ਯਕੀਨੀ ਬਣਾਇਆ ਹੈ ਕਿ ਉਨ੍ਹਾਂ ਨੂੰ ਕੋਈ ਸਮੱਸਿਆ ਨਹੀਂ ਆ ਰਹੀ।

ਕਿਸਾਨਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਪਾਣੀ ਕੱਢਣ ਲਈ ਵਰਤੇ ਜਾਂਦੇ ਆਪਣੇ ਜਨਰੇਟਰ ਪਹਿਲਾਂ ਹੀ ਵੇਚ ਦਿੱਤੇ ਹਨ ਕਿਉਂਕਿ ਨਹਿਰੀ ਪਾਣੀ ਦੀ ਸਪਲਾਈ ਕਾਰਨ ਉਨ੍ਹਾਂ ਦੀ ਹੁਣ ਲੋੜ ਨਹੀਂ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਪਿਛਲੇ 70 ਸਾਲਾਂ ਵਿੱਚ ਕਿਸੇ ਨੇ ਵੀ ਅਜਿਹਾ ਨਹੀਂ ਕੀਤਾ।

ਕਿਸਾਨਾਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਨੇ ਕਈ ਮਹੱਤਵਪੂਰਨ ਪਹਿਲਕਦਮੀਆਂ ਕਰਕੇ ਇਤਿਹਾਸ ਰਚਿਆ ਹੈ।

ਉਨ੍ਹਾਂ ਨੇ ਨਸ਼ਿਆਂ ਦੀ ਮਹਾਂਮਾਰੀ ਨੂੰ ਸਖ਼ਤੀ ਨਾਲ ਰੋਕਣ ਅਤੇ ਰਸੂਖਵਾਨ ਆਗੂਆਂ ਨੂੰ ਸਲਾਖਾਂ ਪਿੱਛੇ ਪਾਉਣ ਲਈ ਮੁੱਖ ਮੰਤਰੀ ਦੀ ਸ਼ਲਾਘਾ ਵੀ ਕੀਤੀ।

ਉਨ੍ਹਾਂ ਇਹ ਵੀ ਕਿਹਾ ਕਿ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨਾਂ ਨਿਯਮਤ ਤੌਰ 'ਤੇ ਦਿੱਤੀਆਂ ਜਾ ਰਹੀਆਂ ਹਨ ਜੋ ਆਪਣੇ ਆਪ ਵਿੱਚ ਇੱਕ ਰਿਕਾਰਡ ਹੈ। ਉਨ੍ਹਾਂ ਨੇ ਮੁੱਖ ਮੰਤਰੀ ਦੀ ਸਦਨ ਦੀ ਕਾਰਵਾਈ ਦਾ ਸਿੱਧਾ ਪ੍ਰਸਾਰਣ ਯਕੀਨੀ ਬਣਾਉਣ ਲਈ ਵੀ ਸ਼ਲਾਘਾ ਕੀਤੀ ਤਾਂ ਜੋ ਉਹ ਆਪਣੇ ਚੁਣੇ ਹੋਏ ਆਗੂਆਂ ਦੀ ਕਾਰਗੁਜ਼ਾਰੀ ਨੂੰ ਸਦਨ ਵਿੱਚ ਦੇਖ ਸਕਣ।

ਪਿੰਡ ਵਾਸੀਆਂ ਨੇ ਆਮ ਆਦਮੀ ਕਲੀਨਿਕ ਖੋਲ੍ਹਣ ਲਈ ਵੀ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ, ਜਿਸ ਨੇ ਸਿਹਤ ਸੰਭਾਲ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ, ਅਤੇ ਉਨ੍ਹਾਂ ਨੂੰ ਮੁਫ਼ਤ ਵਿੱਚ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਹਨ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਪਿੰਡ ਬੁਰਜੀ 4500 ਖੱਬਾ ਪਾਇਲ ਤੋਂ ਪਿੰਡ ਬੌਂਦਲੀ ਦੇ ਬਲਵਿੰਦਰ ਸਿੰਘ ਪੁੱਤਰ ਹਰਮਿੰਦਰ ਸਿੰਘ ਦੇ ਖੇਤਾਂ ਨੂੰ ਨਹਿਰੀ ਪਾਣੀ ਛੱਡਣ ਦਾ ਉਦਘਾਟਨ ਕੀਤਾ। ਬੌਂਦਲੀ, ਬੋਂਦਲ ਅਤੇ ਦਿਆਲਪੁਰ ਪਿੰਡਾਂ ਵਿੱਚ 300 ਏਕੜ ਜ਼ਮੀਨ ਨੂੰ ਨਹਿਰੀ ਪਾਣੀ ਸਪਲਾਈ ਕਰਨ ਲਈ ਇਸ ਮੋਘੇ ਤੋਂ 80 ਲੱਖ ਰੁਪਏ ਦੀ ਲਾਗਤ ਨਾਲ 2.5 ਕਿਲੋਮੀਟਰ ਲੰਬੀ ਪਾਈਪਲਾਈਨ ਵਿਛਾਈ ਜਾਵੇਗੀ।

ਇਸ ਪ੍ਰੋਜੈਕਟ ਨੂੰ ਪਹਿਲਾਂ ਹੀ ਮਨਜ਼ੂਰੀ ਮਿਲ ਚੁੱਕੀ ਹੈ ਪਰ ਖੇਤਾਂ ਵਿੱਚ ਝੋਨੇ ਦੀ ਕਾਸ਼ਤ ਹੋਣ ਕਾਰਨ, ਝੋਨੇ ਦੀ ਕਟਾਈ ਤੋਂ ਬਾਅਦ ਪਾਈਪਲਾਈਨ ਵਿਛਾਈ ਜਾਵੇਗੀ।

# ਪਿਛਲੇ ਦੋ ਸਾਲਾਂ 'ਚ 92,000 ਤੋਂ ਵੱਧ ਨਿਊਜ਼ੀਲੈਂਡ ਨਾਗਰਿਕਾਂ ਨੇ ਆਸਟਰੇਲੀਆਈ ਨਾਗਰਿਕਤਾ ਲਈ ਅਰਜ਼ੀ ਦਿੱਤੀ

**ਮੈਲਬੌਰਨ ਸਾਂਝੀ ਸੋਚ ਬਿਊਰੋ**

ਨਿਊਜ਼ੀਲੈਂਡ ਵਸਦੇ ਬਹੁਤ ਸਾਰੇ ਪ੍ਰਵਾਸੀਆਂ ਨੇ ਸ਼ਾਇਦ ਨਿਊਜ਼ੀਲੈਂਡ ਨੂੰ ਕਹਿ ਦਿੱਤਾ ਹੈ ਕਿ ਅਸੀਂ ਤੈਨੂੰ ਵੇਖ ਲਿਆ ਹੈ ਅਤੇ ਹੁਣ ਅਸੀਂ ਆਸਟਰੇਲੀਆ ਵੇਖਣ ਲਈ ਉਤਾਵਲੇ ਹਾਂ। ਪ੍ਰਵਾਸੀਆਂ ਨੇ ਨਿਊਜ਼ੀਲੈਂਡ ਨੂੰ ਪੌੜੀ ਬਣਾ ਕੇ ਲਈ ਆਸਾਨ ਰਾਹ ਲੱਭ ਲਿਆ ਹੈ। ਸਪੈਸ਼ਲ ਕੈਟੇਗਰੀ ਵੀਜ਼ਾ ਸਕੀਮ ਤਹਿਤ 48% ਉਹ ਲੋਕ ਆਸਟਰੇਲੀਆ ਜਾਣ ਵਾਲਿਆਂ ਵਿਚ ਸਨ ਜੋ ਨਿਊਜ਼ੀਲੈਂਡ ਤੋਂ ਬਾਹਰ ਪੈਦਾ ਹੋਏ ਸਨ। 2024 ਦੇ ਵਿਚ ਲਗਪਗ 30,000 ਨਿਊਜ਼ੀਲੈਂਡ ਵਾਸੀ ਆਸਟਰੇਲੀਆ ਗਏ ਜੋ ਕਿ ਦਹਾਕੇ ਤੋਂ ਵੱਧ ਸਮੇਂ ਦੇ ਵਿਚ ਸਭ ਤੋਂ ਵੱਧ ਸਨ।

ਕੀ ਨਿਊਜ਼ੀਲੈਂਡ ਇੱਕ ਲਾਂਚ ਪੈਡ ਹੈ?

ਜੁਲਾਈ 2023 ਤੋਂ, ਸਪੈਸ਼ਲ ਕੈਟੇਗਰੀ ਵੀਜ਼ਾ 'ਤੇ ਨਿਊਜ਼ੀਲੈਂਡ ਦੇ ਨਾਗਰਿਕ ਚਾਰ ਸਾਲਾਂ ਦੀ ਰਿਹਾਇਸ਼ ਤੋਂ ਬਾਅਦ ਸਿੱਧੇ ਆਸਟਰੇਲੀਆਈ ਨਾਗਰਿਕਤਾ ਲਈ ਅਰਜ਼ੀ ਦੇ ਸਕਦੇ ਹਨ, ਉਹ ਵੀ ਪਹਿਲਾਂ ਸਥਾਈ ਨਿਵਾਸੀ (ਪੀ. ਆਰ.) ਬਣਨ ਦੀ ਲੋੜ ਤੋਂ ਬਿਨਾਂ। ਆਸਟਰੇਲੀਆ ਨੇ ਸਪੈਸ਼ਲ ਕੈਟੇਗਰੀ ਵੀਜ਼ਾ ਦੀ ਗਿਣਤੀ ਨੂੰ ਸੀਮਤ ਨਹੀਂ ਕੀਤਾ ਅਤੇ ਲਗਭਗ ਹਰ ਨਿਊਜ਼ੀਲੈਂਡ ਦਾ ਨਾਗਰਿਕ ਪਹੁੰਚਣ 'ਤੇ ਇਸ ਲਈ ਯੋਗ ਹੈ। ਕਈ ਲੋਕਾਂ ਦਾ ਸੋਚਣਾ ਹੈ ਕਿ ਜ਼ਿਆਦਾਤਰ ਪ੍ਰਵਾਸੀ ਨਿਊਜ਼ੀਲੈਂਡ ਵਿੱਚ ਵਸਣ ਦੇ ਇਰਾਦੇ ਨਾਲ ਆਉਂਦੇ ਹਨ, ਅੱਗੇ ਵਧਣ ਦੀ ਯੋਜਨਾ ਬਣਾਉਂਦੇ ਹਨ। ਪਰ ਉਸ ਤਰ੍ਹਾਂ ਦਾ ਨਹੀਂ ਹੋ ਰਿਹਾ, ਜਿੰਨਾ ਲੋਕ ਸੋਚਦੇ ਹਨ।

ਪ੍ਰਵਾਸੀਆਂ ਨੂੰ ਰੋਕਣ ਦੀ ਚੁਣੌਤੀ:




ਪ੍ਰੋਫੈਸਰ ਰਿਚਰਡ ਬੈੱਡਫੋਰਡ, ਇੱਕ ਆਬਾਦੀ ਭੂਗੋਲ ਵਿਗਿਆਨੀ, ਨੇ ਕਿਹਾ ਕਿ ਜਦੋਂ ਕਿ ਨਿਊਜ਼ੀਲੈਂਡ ਵਿੱਚ ਆਸਟਰੇਲੀਆ ਨੂੰ ਨਾਗਰਿਕਾਂ ਦਾ ਸ਼ੁੱਧ ਨੁਕਸਾਨ ਹੋਇਆ ਹੈ, ਉਸੇ ਸਮੇਂ ਦੌਰਾਨ ਇਸਨੂੰ ਦੂਜੇ ਦੇਸ਼ਾਂ ਤੋਂ ਨਾਗਰਿਕਾਂ ਦਾ ਕਾਫ਼ੀ ਸ਼ੁੱਧ ਲਾਭ ਵੀ ਹੋਇਆ ਹੈ। ਉਨ੍ਹਾਂ ਕਿਹਾ ਅਸੀਂ ਬਹੁਤ ਸਾਰੇ ਉੱਚ ਹੁਨਰਮੰਦ ਪ੍ਰਵਾਸੀਆਂ ਨੂੰ ਲਿਆਉਂਦੇ ਹਾਂ ਅਤੇ ਇਹ ਸਮੁੱਚੇ ਪ੍ਰਵਾਹ ਨੂੰ ਸੰਤੁਲਿਤ ਕਰਨ ਵਿੱਚ ਮਦਦ ਕਰਦਾ ਹੈ। ਹਾਲਾਂਕਿ, ਉਸਨੇ ਕਿਹਾ ਕਿ ਉਸ ਪ੍ਰਤਿਭਾ ਨੂੰ ਬਰਕਰਾਰ ਰੱਖਣਾ ਇੱਕ ਅਸਲ ਚੁਣੌਤੀ ਹੈ। ਸਾਨੂੰ ਉਨ੍ਹਾਂ ਕਾਰਕਾਂ ਨੂੰ ਬਹੁਤ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਜੋ ਹੁਨਰਮੰਦ ਪ੍ਰਵਾਸੀਆਂ ਨੂੰ ਆਕਰਸ਼ਿਤ ਕਰਦੇ ਹਨ। ਇਹ ਹਮੇਸ਼ਾ ਪੈਸੇ ਬਾਰੇ ਨਹੀਂ ਹੁੰਦਾ, ਪਰ ਪੈਸਾ ਇੱਕ ਵੱਡਾ ਕਾਰਕ ਹੈ।

ਭਾਰਤੀ ਪ੍ਰਵਾਸੀਆਂ ਬਾਰੇ ਜਾਣਕਾਰੀ:

ਜਾਣਕਾਰੀ ਵਿਚ ਇਹ ਨਹੀਂ ਦੱਸਿਆ ਗਿਆ ਹੈ ਕਿ ਕਿੰਨੇ ਭਾਰਤੀਆਂ ਨੇ ਨਿਊਜ਼ੀਲੈਂਡ ਨੂੰ ਆਸਟਰੇਲੀਆ ਜਾਣ ਲਈ ਇੱਕ ਪੌੜੀ ਵਜੋਂ ਵਰਤਿਆ ਹੈ। ਹਾਲਾਂਕਿ, ਇਹ ਜ਼ਿਕਰ ਕੀਤਾ ਗਿਆ ਹੈ ਕਿ 2024 ਵਿੱਚ ਆਸਟਰੇਲੀਆ ਵਿੱਚ ਪ੍ਰਵਾਸ ਕਰਨ ਵਾਲੇ ਨਿਊਜ਼ੀਲੈਂਡ ਦੇ ਨਾਗਰਿਕਾਂ ਵਿੱਚੋਂ 35% ਵਿਦੇਸ਼ੀ-ਜੰਮੇ ਸਨ, ਅਤੇ ਜੁਲਾਈ 1, 2023 ਤੋਂ ਜੂਨ 30, 2025 ਤੱਕ ਆਸਟਰੇਲੀਆਈ ਨਾਗਰਿਕਤਾ ਲਈ ਅਰਜ਼ੀ ਦੇਣ ਵਾਲੇ ਧਾਰਕ ਨਿਊਜ਼ੀਲੈਂਡ ਦੇ ਨਾਗਰਿਕਾਂ ਵਿੱਚੋਂ 48% ਨਿਊਜ਼ੀਲੈਂਡ ਤੋਂ ਬਾਹਰ ਪੈਦਾ ਹੋਏ ਸਨ। ਇਹ ਦਰਸਾਉਂਦਾ ਹੈ ਕਿ ਇੱਕ ਮਹੱਤਵਪੂਰਨ ਗਿਣਤੀ ਵਿੱਚ ਵਿਦੇਸ਼ੀ-ਜੰਮੇ ਪ੍ਰਵਾਸੀ ਨਿਊਜ਼ੀਲੈਂਡ ਤੋਂ ਆਸਟਰੇਲੀਆ ਜਾ ਰਹੇ ਹਨ, ਜਿਸ ਵਿੱਚ ਭਾਰਤੀ ਵੀ ਸ਼ਾਮਲ ਹੋ ਸਕਦੇ ਹਨ, ਪਰ ਖਾਸ ਅੰਕੜੇ ਉਪਲਬਧ ਨਹੀਂ ਹਨ।

ਆਸਟਰੇਲੀਆਈ ਸਰਕਾਰ ਦੇ ਅੰਕੜਿਆਂ ਅਨੁਸਾਰ, ਆਸਟਰੇਲੀਆਈ ਨਾਗਰਿਕਤਾ ਲਈ ਅਰਜ਼ੀ ਦੇਣ ਵਾਲੇ ਲਗਭਗ ਅੱਧੇ ਨਿਊਜ਼ੀਲੈਂਡ ਵਾਸੀ ਇੱਥੇ ਪੈਦਾ ਨਹੀਂ ਹੋਏ ਸਨ। ਜੁਲਾਈ 2023 ਤੋਂ ਜੂਨ 2025 ਦਰਮਿਆਨ 92,000 ਤੋਂ ਵੱਧ ਨਿਊਜ਼ੀਲੈਂਡ ਦੇ ਨਾਗਰਿਕਾਂ ਨੇ ਆਸਟਰੇਲੀਆਈ ਨਾਗਰਿਕਤਾ ਲਈ ਅਰਜ਼ੀ ਦਿੱਤੀ। ਇਹ ਅੰਕੜੇ ਇਸ ਸਵਾਲ ਨੂੰ ਉਠਾਉਂਦੇ ਹਨ ਕਿ ਕੀ ਨਿਊਜ਼ੀਲੈਂਡ ਆਸਟਰੇਲੀਆ ਵਿੱਚ ਵਸਣ ਦੇ ਚਾਹਵਾਨ ਪ੍ਰਵਾਸੀਆਂ ਲਈ ਇੱਕ ਲਾਂਚ ਪੈਡ ਬਣ ਗਿਆ ਹੈ।

# ਤੀਰਥ ਸਿੰਘ ਗਾਖ਼ਲ ਬਣੇ ਕੈਲੀਫ਼ੋਰਨੀਆ ਕਬੱਡੀ ਫੈੱਡਰੇਸ਼ਨ ਦੇ ਨਵੇਂ ਪ੍ਰਧਾਨ

**ਕੈਲੀਫੋਰਨੀਆ ਸਾਂਝੀ ਸੋਚ ਬਿਊਰੋ**



ਅੱਜ ਕੈਲੀਫ਼ੋਰਨੀਆ ਕਬੱਡੀ ਫੈੱਡਰੇਸ਼ਨ ਦੀ ਟਰੇਸੀ 'ਚ ਇਕ ਅਹਿਮ ਇਕੱਤਰਤਾ ਹੋਈ ਜਿਸ ਵਿਚ 23 ਕਬੱਡੀ ਕਲੱਬਾਂ ਦੇ ਅਹੁਦੇਦਾਰਾਂ ਨੇ ਭਾਗ ਲਿਆ। ਇਸ ਮੌਕੇ ਕਬੱਡੀ ਖੇਡਣ ਅਤੇ ਖਿਡਾਉਣ ਲਈ ਆਪਣੇ ਜੀਵਨ ਦਾ ਲੰਮਾ ਸਮਾਂ ਦੇਣ ਵਾਲੇ ਵਰਲਡ ਸੁਪਰ ਸਟਾਰ ਕਬੱਡੀ ਖਿਡਾਰੀ ਰਹੇ ਤੀਰਥ ਸਿੰਘ ਗਾਖਲ ਨੂੰ ਪ੍ਰਧਾਨ ਬਣਾਇਆ ਗਿਆ।

ਸਰਬਸੰਮਤੀ ਨਾਲ ਲਏ ਗਏ ਇਸ ਫ਼ੈਸਲੇ ਉਪਰੰਤ ਪਿਛਲੇ 20 ਸਾਲ ਤੋਂ ਕੈਲੀਫ਼ੋਰਨੀਆਂ ਕਬੱਡੀ ਫੈੱਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾਵਾਂ ਨਿਭਾਉਣ ਵਾਲੇ ਸੁਰਿੰਦਰ ਸਿੰਘ (ਸ਼ਿੰਦਾ ਅਟਵਾਲ) ਨੇ ਤੀਰਥ ਸਿੰਘ ਗਾਖਲ ਨੂੰ ਸਮੁੱਚੀ ਫੈੱਡਰੇਸ਼ਨ ਦੇ ਸਾਥੀਆਂ ਵਲੋਂ ਅਸ਼ੀਰਵਾਦ ਦਿੱਤਾ ਅਤੇ ਜੀ ਆਇਆਂ ਆਖਿਆ। ਇਸ ਮੌਕੇ ਤੀਰਥ ਸਿੰਘ ਗਾਖਲ ਨੇ ਕਿਹਾ ਕਿ ਉਹ ਕੈਲੀਫ਼ੋਰਨੀਆਂ ਕਬੱਡੀ ਫੈੱਡਰੇਸ਼ਨ ਦੀ ਚੜ੍ਹਦੀ ਕਲਾ ਲਈ ਦਿਨ ਰਾਤ ਇਕ ਕਰਨਗੇ। ਉਹਨਾਂ ਕਿਹਾ ਕਿ ਜਿੱਥੇ ਖੇਡ ਮੇਲੇ ਵਧਾਏ ਜਾਣਗੇ ਉੱਥੇ ਇੱਥੋਂ ਦੇ ਜੰਮੇ ਪਲੇ ਨੌਜਵਾਨਾਂ ਨੂੰ ਕਬੱਡੀ ਨਾਲ ਜੋੜਨ ਦੇ ਉਪਰਾਲੇ ਵੀ ਕੀਤੇ ਜਾਣਗੇ।

ਉਹਨਾਂ ਕਿਹਾ ਕਿ ਕੈਲੀਫੋਰਨੀਆਂ ਕਬੱਡੀ ਫੈੱਡਰੇਸ਼ਨ ਵਲੋਂ ਸਮੁੱਚੇ ਅਮਰੀਕਾ ਵਿਚ ਕਬੱਡੀ ਟੂਰਨਾਮੈਂਟ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਪੰਜਾਬ ਵਿਚ ਵੀ ਕਬੱਡੀ ਵਰਲਡ ਕੱਪ ਕਰਵਾਏ ਜਾਣ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਤੀਰਥ ਸਿੰਘ ਗਾਖਲ ਨੂੰ ਗਾਖਲ ਗਰੁੱਪ ਯੂ.ਐੱਸ.ਏ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਵੀ ਗਾਖਲ ਗਰੁੱਪ, ਗਾਖਲ ਪਰਿਵਾਰ ਅਤੇ ਪਿੰਡ ਗਾਖਲਾਂ ਵਲੋਂ ਵਧਾਈਆਂ ਦਿੰਦਿਆਂ ਕਿਹਾ ਕਿ ਉਹਨਾਂ ਨੂੰ ਯਕੀਨ ਹੈ ਕਿ ਤੀਰਥ ਸਿੰਘ ਗਾਖਲ ਕੈਲੀਫ਼ੋਰਨੀਆਂ ਕਬੱਡੀ ਫੈੱਡਰੇਸ਼ਨ ਦੀ ਬਿਹਤਰੀ ਲਈ ਪ੍ਰਧਾਨ ਵਜੋਂ ਵਧੀਆ ਸੇਵਾਵਾਂ ਨਿਭਾਉਣਗੇ ਅਤੇ ਸਾਥੀ ਕਲੱਬਾਂ ਦੇ ਸਹਿਯੋਗ ਨਾਲ ਇਸ ਫੈੱਡਰੇਸ਼ਨ ਨੂੰ ਹੋਰ ਵੀ ਕਾਬਯਾਬ ਕਰਨਗੇ। ਇਸ ਮੌਕੇ ਪਾਲ ਸਿੰਘ ਸਹੋਤਾ, ਸੁਰਿੰਦਰ ਸਿੰਘ ਅਟਵਾਲ, ਅਮੋਲਕ ਸਿੰਘ ਗਾਖਲ ਯੂ.ਐਸ.ਏ (ਚੇਅਰਮੈਨ ਗਾਖਲ ਗਰੁੱਪ ਯੂ.ਐਸ.ਏ), ਪਾਲ ਕੈਲੇ, ਸੁਰਿੰਦਰ ਸਿੰਘ ਨਿੱਝਰ, ਗੁਰਿੰਦਰ ਸਿੰਘ ਗਿੱਲ ਆਦਿ ਵੀ ਹਾਜ਼ਰ ਸਨ।




Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ

**ਅੰਗ 3**

- ਸੁਣਿਐ ਸਤੁ ਸੰਤੋਖੁ ਗਿਆਨੁ ॥
- ਸੁਣਿਐ ਅਠਸਠਿ ਕਾ ਇਸਨਾਨੁ ॥
- ਸੁਣਿਐ ਪੜਿ ਪੜਿ ਪਾਵਹਿ ਮਾਨੁ ॥
- ਸੁਣਿਐ ਲਾਗੈ ਸਹਜਿ ਧਿਆਨੁ ॥
- ਨਾਨਕ ਭਗਤਾ ਸਦਾ ਵਿਗਾਸੁ ॥
- ਸੁਣਿਐ ਦੂਖ ਪਾਪ ਕਾ ਨਾਸੁ ॥੧੦॥
- ਭਾਵ ਅਰਥ:-

ਹੇ ਨਾਨਕ ! ਅਕਾਲ ਪੁਰਖ ਦੀ ਸਿਫਤ ਸਲਾਹ ਸੁਣਣ ਨਾਲ ਗਿਆਨ ਵੈਰਾਗ ਦੀ ਪ੍ਰਾਪਤੀ, ਅਡੋਲਤਾ , ਮਾਨਸਿਕ ਸਥਿਰਤਾ, ਸੰਤੁਸ਼ਟੀ,ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਪੁੰਨ ਫਲ ਤੇ ਨਾਮ ਦੀ ਪੜਕੇ ਕੀਤੀ ਸਿਫਤ ਸਲਾਹ ਦੇ ਬਰਾਬਰ ਸਤਿਕਾਰ ਮਿਲਦਾ ਹੈ । ਹਰਿ ਪ੍ਰਭੂ ਦੀ ਉਸਤਤਿ ਸੁਣਣ ਨਾਲ ਜਾਪ ਵਿੱਚ ਸਹਜੇ ਹੀ ਮਨ ਜੁੜ ਜਾਂਦਾ ਹੈ,ਚਿਰਜੀਵੀ ਖੇੜਾ ਤੇ ਦੁਖ,ਦਰਦ ਕਲੇਸ਼ ਆਦਿ ਤੋਂ ਛੁਟਕਾਰਾ ਮਿਲ ਜਾਂਦਾ ਹੈ ।

- ਸੁਣਿਐ ਸਰਾ ਗੁਣਾ ਕੇ ਗਾਹ ॥
- ਸੁਣਿਐ ਸੇਖ ਪੀਰ ਪਾਤਿਸਾਹ ॥
- ਸੁਣਿਐ ਅੰਧੇ ਪਾਵਹਿ ਰਾਹੁ ॥
- ਸੁਣਿਐ ਹਾਥ ਹੋਵੈ ਅਸਗਾਹੁ ॥
- ਨਾਨਕ ਭਗਤਾ ਸਦਾ ਵਿਗਾਸੁ ॥
- ਸੁਣਿਐ ਦੂਖ ਪਾਪ ਕਾ ਨਾਸੁ ॥੧੧॥
- ਭਾਵ ਅਰਥ :-

ਹੇ ਭਾਈ ! ਨਿਰੰਕਾਰ ਦੀ ਨਾਮ ਚਰਚਾ ਸੁਣਨ ਨਾਲ, ਕਈ ਸਰੋਵਰਾਂ ਬਰਾਬਰ ਭਗਤੀ, ਸੰਬੰਧੀ ਜਾਨਕਾਰੀ ਇਕੱਤਰ ਕੀਤੀ ਜਾ ਸਕਦੀ ਹੈ,ਬਾਣੀ ਸਰਵਣ ਕਰਕੇ ਕਰਕੇ ਵੱਡੇ ਵੱਡੇ ਸਥਾਨ ਹਾਸਿਲ ਹੋ ਜਾਂਦੇ ਹਨ ਜਿਵੇਂ, ਸ਼ੇਖ ,ਪੀਰ ਤੇ ਪਾਤਸ਼ਾਹ ਆਦਿ । ਪ੍ਰਭੂ ਨਾਮ ਸਰਵਣ ਕਰਨ ਦੀ ਏਨੀ ਮਹਿਮਾ ਹੈ ਕਿ, ਜੀਵਨ ਮਾਰਗ ਤੋਂ ਭਟਕਾਇਆਂ ਨੂੰ ਸਹੀ ਮਾਰਗ ਮਿਲ ਜਾਂਦਾ, ਭਾਵ ਦੂਜੇ ਭਾਵਾਂ (ਵਿਕਾਰਾਂ ,ਮਾਇਆ,ਆਦਿਕ) ਤੋਂ ਹਟਕੇ ਸਤਿ ਮਾਰਗ ਨਾਲ ਜੁੜਕੇ ਆਪਣਾ ਜੀਵਨ ਸਫਲਾ ਕਰਨ ਵਿੱਚ ਮਨੁੱਖ ਕਾਮਯਾਬ ਹੋ ਜਾਂਦਾ ਹੈ। ਜੀਵਨ ਰੂਪੀ ਅਥਾਹ ਤੇ ਕਠਿਨ ਸਮੁੰਦਰ ਦਾ ਫੈਲਾਅ ਸਿਰਫ ਇੱਕ ਹੱਥ ਦੀ ਦੂਰੀ ਜਿਨਾਂ ਲੱਗਦਾ ਹੈ, ਭਗਤ ਜਨ ਸਦਾ ਖ਼ੁਸ਼ੀ ਵਿੱਚ ਰਹਿੰਦੇ ਹਨ ਤੇ ਇਸ ਬਾਣੀ ਸ੍ਰਵਣ ਕਰਨ ਦੀ ਹੀ ਬਰਕਤ ਹੈ ਕਿ ਜੀਵਨ ਦੇ ਦੁਖਾਂ ,ਦਰਦਾਂ ਤੇ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ

- ਮੰਨੇ ਕੀ ਗਤਿ ਕਹੀ ਨ ਜਾਇ ॥
- ਜੇ ਕੋ ਕਹੈ ਪਿਛੈ ਪਛੁਤਾਇ ॥
- ਕਾਗਦਿ ਕਲਮ ਨ ਲਿਖਣਹਾਰੁ ॥
- ਮੰਨੇ ਕਾ ਬਹਿ ਕਰਨਿ ਵੀਚਾਰੁ ॥
- ਐਸਾ ਨਾਮੁ ਨਿਰੰਜਨੁ ਹੋਇ ॥
- ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥
- ਭਾਵ ਅਰਥ:-

ਉਸ ਉਤੱਮ ਪੁਰਖ ਦੀ ਹਕੀਕੀ ਅਵਸਥਾ ਬਿਆਨ ਨਹੀਂ ਕੀਤੀ ਜਾ ਸਕਦੀ, ਜਿਹੜਾ ਆਤਮਿਕ ਤੌਰ ਤੇ ਹਰਿ ਪ੍ਰਭੁ ਨਾਲ ਜੁੜ ਚੁੱਕਿਆ ਹੈ, ਗਿਣਨ, ਮਿਥਣ ਵਾਲੇ ਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ,ਏਥੇ ਤੱਕ ਕਿ ਕਾਗਜ਼ ਉੱਤੇ ਹਿਸਾਬ ਕਿਤਾਬ ਵੀ ਪੂਰਣ ਤੌਰ ਤੇ ਇਸ ਉਚਾਈ ਨੂੰ ਛੂਹਣ ਵਿੱਚ ਅਸਮਰਥ ਹੁੰਦਾ ਹੈ। ਇਹ ਅਵਸਥਾ ਅਥਾਹ ਉੱਚੀ ਹੈ , ਇਸ ਦੀ ਜਾਨਕਾਰੀ ਲਈ ਲਗਨ , ਧਿਆਨ ਤੇ ਨਾਮ ਦੀ ਚਰਚਾ ਹੀ ,ਦੇ ਸਕਦੀ ਹੈ। ਉਸ ਪਰਮਾਤਮਾ ਦਾ ਨਾਮ ਉੱਚਾ ਹੈ, ਜਿਸਨੇ ਮਨ ਤੇ ਕਾਬੂ ਪਾ ਲਿਆ ਤੇ ਗੁਰੂ ਗਿਆਨ ਦਾ ਮਾਰਗ ਅਪਨਾਅ ਲਿਆ ,ਉਹੀ ਅਕਾਲ ਪੁਰਖ ਵਾਹਿਗੁਰੂ ਨੂੰ ਤੇ ਉਸ ਤੱਕ ਪਹੁੰਚਾਇਆਂ ਨੂੰ ਪਛਾਣ ਸਕਦਾ ਹੈ।

- ਮੰਨੈ ਸੁਰਤਿ ਹੋਵੈ ਮਨਿ ਬੁਧਿ ॥
- ਮੰਨੈ ਸਗਲ ਭਵਣ ਕੀ ਸੁਧਿ ॥
- ਮੰਨੈ ਮੁਹਿ ਚੋਟਾ ਨਾ ਖਾਇ ॥
- ਮੰਨੈ ਜਮ ਕੈ ਸਾਥਿ ਨ ਜਾਇ ॥
- ਐਸਾ ਨਾਮੁ ਨਿਰੰਜਨੁ ਹੋਇ ॥
- ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥
- ਭਾਵ ਅਰਥ:-

ਜੇ ਮਨੁੱਖ ਅੰਦਰ ਅਕਾਲ ਪੁਰਖ ਦੀ ਲਗਨ ਲੱਗ ਜਾਵੇ ਤਾਂ ਉਸਨੂੰ ਪ੍ਰਭੂ ਦੇ ਸਰਬਵਿਆਪੀ ਹੋਣ ਦਾ ਅਹਿਸਾਸ ਹੋ ਜਾਂਦਾ ਹੈ, ਤਦ ਉਹ ਵਿਕਾਰਾਂ ਕਾਰਣ ਸੱਟਾਂ ਨਹੀਂ ਖਾਂਦਾ, ਭਾਵ ਦੂਜੇ ਭਾਵਾਂ ਵੱਲੋਂ ਤੋਬਾ ਕਰ ਲੈਂਦਾ ਹੈ। ਇਸਦੇ ਨਾਲ ਹੀ ਉਸਦੀ ਆਤਮਿਕ ਮੌਤ ਨਹੀਂ ਹੁੰਦੀ ਤੇ ਜਨਮ ਮਰਨ ਦੇ ਚੱਕਰਾਂ ਤੋਂ ਬਚ ਜਾਂਦਾ ਹੈ।ਜੇ ਬੰਦੇ ਦੀ ਲਿਵ ਸੱਚੇ ਪਾਤਸ਼ਾਹ ਨਾਲ ਜੁੜ ਜਾਵੇ ਤਾਂ ਉਹ ਸਰਬਉੱਚ ਦਾਤਾਰ ਨੂੰ ਪਾ ਲੈਂਦਾ ਹੈ।

- ਮੰਨੈ ਮਾਰਗਿ ਠਾਕ ਨ ਪਾਇ ॥
- ਮੰਨੈ ਪਤਿ ਸਿਉ ਪਰਗਟੁ ਜਾਇ ॥
- ਮੰਨੈ ਮਗੁ ਨ ਚਲੈ ਪੰਥੁ ॥
- ਮੰਨੈ ਧਰਮ ਸੇਤੀ ਸਨਬੰਧੁ ॥
- ਐਸਾ ਨਾਮੁ ਨਿਰੰਜਨੁ ਹੋਇ ॥
- ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥
- ਭਾਵ ਅਰਥ:-

ਦੇ ਮਨੁੱਖ ਦਾ ਮਨ ਨਾਮ ਵਿੱਚ ਪਤੀਜ ਜਾਵੇ ਤਾਂ ਕਿਸੇ ਵੀ ਮਾਰਗ ਤੇ ਕੋਈ ਔਕੜ ਨਹੀਂ ਆਉਂਦੀ,ਉਹ ਲੋਕ ਪਰਲੋਕ ਵਿੱਚ ਸ਼ੋਭਾ ਖੱਟਦਾ ਹੈ । ਉਸਦਾ ਧਰਮ ਨਾਲ ਸਿੱਧਾ ਨਾਤਾ ਬਨਣ ਕਾਰਣ ,ਮਨ ਦੇ ਸਾਰੇ ਸ਼ੰਕੇ ਨਿਵਿਰਤ ਹੋ ਜਾਂਦੇ ਹਨ ਤੇ ਉਹ ੧ਓ ਦਾ ਲੜ ਫੜ ਲੈਂਦਾ ਹੈ ਤੇ ਧਰਮ ਦੇ ਰਾਹ ਦਾ ਰਾਹੀਂ ਬਣ ਜਾਂਦਾ ਹੈ। ਇਸਤਰਾਂ ਉਹ ਮਨੁੱਖ ਉਸ ਅਕਾਲ ਪੁਰਖ ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ ਤੇ ਅਥਾਹ ਉੱਚਾ ਹੈ ,ਜਿੱਡਾ ਹੀ ਹੋ ਜਾਂਦਾ ਹੈ।

- ਮੰਨੈ ਪਾਵਹਿ ਮੋਖੁ ਦੁਆਰੁ ॥
- ਮੰਨੈ ਪਰਵਾਰੈ ਸਾਧਾਰੁ ॥
- ਮੰਨੈ ਤਰੈ ਤਾਰੇ ਗੁਰੁ ਸਿਖ ॥
- ਮੰਨੈ ਨਾਨਕ ਭਵਹਿ ਨ ਭਿਖ ॥
- ਐਸਾ ਨਾਮੁ ਨਿਰੰਜਨੁ ਹੋਇ ॥
- ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥
- ਭਾਵ ਅਰਥ:-

ਜਿਸ ਬੰਦੇ ਦੀ ਲਗਨ ਨਿਰੰਕਾਰ ਨਾਲ ਜੁੜ ਚੁੱਕੀ ਹੈ, ਉਹ ਆਵਾਗਉਣ ਤੋਂ ਮੁਕਤੀ ਤਾਂ ਪਾਉਂਦਾ ਹੀ ਹੈ,ਨਾਲ ਹੀ ਪ੍ਰੀਵਾਰ ਤੇ ਸੰਬੰਧੀਆਂ ਨੂੰ ਵੀ ਪਰਮਾਤਮਾ ਦੇ ਮਾਰਗ ਤੇ ਪਾ ਦਿੰਦਾ ਹੈ , ਇਸੇ ਤਰਾਂ ਗੁਰਮੁਖਾਂ ਨੂੰ ਵੀ ਸੰਸਾਰ ਸਾਗਰ ਤੋਂ ਪਾਰ ਉਤਾਰੇ ਦਾ ਸਾਧਨ ਮਿਲ ਜਾਂਦਾ ਹੈ। ਮਨ ਕਰਕੇ ਟਿਕੇ ਇਨਸਾਨ ਨੂੰ ਦਰ ਦਰ ਤੋਂ ਭੀਖ {ਵੱਖੋ ਵੱਖਰੇ ਧਰਮਾਂ ,ਦੇਵੀ ਦੇਵਤਿਆਂ ਗ੍ਰਹਿਆਂ ਆਦਿ ਤੋਂ }ਰੱਖਿਆ ਦੀ ਗੁਹਾਰ ਨਹੀਂ ਲਾਉਣੀ ਪੈਂਦੀ । ਅਜਿਹੇ ਮਾਇਆ ਤੋਂ ਦੂਰ ਰਹਿਣ ਵਾਲੇ ਤੇ ਉੱਚੇ ਪ੍ਰਮਾਤਮਾ ਦਾ ਦਿਲ ਵਿੱਚ ਵਾਸਾ ਸਾਰੀਆਂ ਮੁਸ਼ਕਿਲਾਂ ਆਪ ਹੀ ਦੂਰ ਕਰ ਦਿੰਦਾ ਹੈ।

- ਪੰਚ ਪਰਵਾਣ ਪੰਚ ਪਰਧਾਨੁ ॥
- ਪੰਚੇ ਪਾਵਹਿ ਦਰਗਹਿ ਮਾਨੁ ॥
- ਪੰਚੇ ਸੋਹਹਿ ਦਰਿ ਰਾਜਾਨੁ ॥
- ਪੰਚਾ ਕਾ ਗੁਰੁ ਏਕੁ ਧਿਆਨੁ ॥
- ਭਾਵ ਅਰਥ:-

ਗੁਰਮੁਖਿ ਨਿਰੰਕਾਰ ਲਈ ਪੰਚਾਂ ਸਮਾਨ ਹੋ ਜਾਂਦੇ ਹਨ ਤੇ ਉਨਾਂ ਨੂੰ ਵੱਡਾ ਅਹੁਦਾ ਦਿੱਤਾ ਜਾਂਦਾ ਹੈ। ਇਨਾਂ ਨੂੰ ਵਾਹਿਗੁਰੂ ਜੀ ਦਰਗਾਹ ਵਿੱਚ ਵਡਿਆਈ ਮਿਲਦੀ ਹੈ, ਇਹ ਪ੍ਰਭੂ ਨੂੰ ਪਿਆਰੇ ਲੱਗਦੇ ਹਨ ਤੇ ਇਨਾਂ ਦੀ ਸੁਰਤ ਪਰਮਾਤਮਾ ਵਿੱਚ ਜੁੜੀ ਰਹਿੰਦੀ ਹੈ।

- ਜੇ ਕੋ ਕਹੈ ਕਰੈ ਵੀਚਾਰੁ ॥
- ਕਰਤੇ ਕੈ ਕਰਣੈ ਨਾਹੀ ਸੁਮਾਰੁ ॥
- ਧੌਲੁ ਧਰਮੁ ਦਇਆ ਕਾ ਪੂਤੁ ॥
- ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥
- ਜੇ ਕੋ ਬੁਝੈ ਹੋਵੈ ਸਚਿਆਰੁ ॥
- ਧਵਲੈ ਉਪਰਿ ਕੇਤਾ ਭਾਰੁ ॥
- ਧਰਤੀ ਹੋਰੁ ਪਰੈ ਹੋਰੁ ਹੋਰੁ ॥
- ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥
- ਭਾਵ ਅਰਥ:-

ਲਿਵ ਲੱਗਣ ਦਾ ਇਹ ਮਤਲਬ ਨਹੀਂ ਕਿ ਅਸੀਂ ਕੁਦਰਤ ਦਾ ਅੰਤ ਪਾ ਲਿਆ। ਉਹ ਅਸੀਮ ਹੈ, ਬੇਅੰਤ ਹੈ ,ਸਾਡੀ ਸ਼ਰਧਾ ਇਸੇ ਵਿੱਚ ਹੈ ਕਿ ਅਸੀਂ ਉਸਦੇ ਇਸ ਪਸਾਰੇ ਦਾ ਸਨਮਾਨ ਕਰੀਏ, ਤੇ ਜਿਥੇ ਤੱਕ ਉਹ ਹੁਕਮ ਕਰੇ ,ਅਸੀਂ ਜਾਣਕੇ ਸੰਤੁਸ਼ਟ ਹੋ ਜਾਈਏ। ਉਸਦਾ ਅੰਤ ਲੱਭਣਾ ਸਾਡਾ ਮਨੋਰਥ ਨਹੀਂ ਹੋ ਸਕਦਾ। ਅਕਾਲ ਪੁਰਖ ਦਾ ਨਿਯਮ ਹੀ ਧੌਲਾ ਬਲਦ ਹੈ , ਜਿਸ ਵਿੱਚ ਧਰਮ ਤ, ਦਯਾ ਤੇ ਸੰਤੋਸ਼ ਸ਼ਾਮਿਲ ਹਨ। ਇਸ ਨਿਯਮ ਲਈ ਪ੍ਰਭੂ ਨੇ ਧਰਮ ਦਿੱਤਾ ਹੈ ਤੇ ਇਸ ਸੂਤ ਵਿੱਚ ਜੀਵਾਂ ਨੂੰ ਬੰਨਿਆ ਹੈ।ਜਿਹੜਾ ਉਸਦੇ ਬਣਾਏ ਇਸ ਕਨੂੰਨ ਨੂੰ ਸਮਝ ਲੈਂਦਾ ਹੈ,ਉਹ ਮਾਨੋ ਪਰਮਾਤਮਾ ਨਾਲ ਜੁੜ ਗਿਆ ,ਇਸ ਤਰਾਂ ਨਾ ਕੋਈ ਧਵਲਾ ਬਲਦ ਹੈ ਤੇ ਨਾ ਹੀ ਉਸਨੇ ਕੋਈ ਧਰਤੀ ਦਾ ਭਾਰ ਸਿੰਗਾਂ ਤੇ ਚੁੱਕਿਆ ਹੈ। ਧੌਲੇ ਬਲਦ ਦੀ ਸੋਚ ਮੁਤਾਬਿਕ ਤਾਂ ਇੱਕ ਤੋਂ ਵਧਕੇ ਅਗੇ ਤੋਂ ਅਗੇ ਧਰਤੀਆਂ ਹੋਣਗੀਆਂ। ਭਾਵ ਹਰ ਬਲਦ ਨੂੰ ਆਪਣੇ ਪੈਰ ਟਿਕਾਉਣ ਲਈ ਦੂਜੀ ਧਰਤੀ ਦਾ ਸਹਾਰਾ ਚਾਹੀਦਾ ਹੋਵੇਗਾ। ਇਸਤਰਾਂ ਤਾਂ ਧਰਤੀਆਂ ਦਾ ਸਿਲਸਿਲਾ ਕਿਤੇ ਖਤਮ ਹੀ ਨਹੀਂ ਹੋ ਸਕਦਾ।

- ਜੀਅ ਜਾਤਿ ਰੰਗਾ ਕੇ ਨਾਵ ॥

ਸਭਨਾ ਲਿਖਿਆ ਵੁੜੀ ਕਲਾਮ ॥
ਏਹੁ ਲੇਖਾ ਲਿਖਿ ਜਾਣੈ ਕੋਇ ॥
ਲੇਖਾ ਲਿਖਿਆ ਕੇਤਾ ਹੋਇ ॥
ਕੇਤਾ ਤਾਣੁ ਸੁਆਲਿਹੁ ਰੂਪੁ ॥
ਕੇਤੀ ਦਾਤਿ ਜਾਣੈ ਕੌਣੁ ਕੂਤੁ
॥ ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥
ਕੁਦਰਤਿ ਕਵਣ ਕਹਾ ਵੀਚਾਰੁ ॥
ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥੧੬॥

- ਭਾਵ ਅਰਥ:-

ਉਸ ਉਪਰ ਵਾਲੇ ਨੇ ਜੀਵਾਂ ਦੇ ਨਾਮ, ਕਿਸਮਾਂ,ਰੰਗ ਆਦਿ ਤੇ ਮੱਥੇ ਦੀਆਂ ਰੇਖਾਵਾਂ ਨੂੰ ਇੱਕ ਲੈਅ ਵਿਚ ਲਿਖਿਆ ਹੈ ।ਇਸ ਲੇਖ ਨੂੰ ਉਹ ਆਪ ਹੀ ਲਿਖਦਾ ਤੇ ਆਪ ਹੀ ਜਾਣਦਾ ਹੈ। ਇਹ ਲਿਖਤ ਨੂੰ ਕੋਈ ਵਿਰਲਾ ਹੀ ਜਾਣ ਸਕਦਾ ਹੈ। ਜੇ ਕੋਈ ਜਾਨਣ ਦੀ ਕੋਸ਼ਿਸ਼ ਵੀ ਕਰ ਲਵੇ ਤਾਂ ਜਾਨਣਾ ਅਸੰਭਵ ਹੈ, ਕਿਉਂਕਿ ਇਸਦਾ ਪਸਾਰਾ ਹੀ ਇਨਾਂ ਵੱਡਾ ਹੈ।ਇਹ ਵੀ ਸਵਾਲ ਹੈ ਕਿ ਉਸ ਦੇਣਹਾਰ ਦਾ ਪੱਲਾ ਕਿੱਡਾ ਕੁ ਹੈ।ਉਸਦਾ ਸਹਾਰਾ ਕਿਹੋ ਜਿਹਾ ਹੈ।ਉਸਦੀ ਦਾਤ ਦਾ ਪੈਮਾਨਾ ਕੀ ਹੈ? ਉਸਨੇ ਇੱਕ ਹੀ ਵਾਰ ਵਿੱਚ ੧ਓ ਦੀ ਧੁਨੀ ਨਾਲ ਸਾਰਾ ਪਸਾਰਾ, ਪਸਾਰ ਦਿੱਤਾ ਤੇ ਤਮਾਮ ਜ਼ਿੰਦਗੀਆਂ ਦੇ ਦਰਿਆ ਵਗ ਤੁਰੇ। ਕੁਦਰਤ ਦਾ ਮੈਂ ਕੀ ਬਖਾਨ ਕਰਾਂ, ਮੈਂ ਤਾਂ ਉਸ ਤੋਂ ਇੱਕ ਵਾਰ ਵੀ ਸਦਕੇ ਨਹੀਂ ਜਾ ਸਕਦਾ।ਹੇ! ਵਾਹਿਗੁਰੂ ਜੋ ਕੰਮ ਤੈਨੂੰ ਭਾਉਂਦਾ ਹੈ,ਉਹੀ ਠੀਕ ਹੈ । ਆਪ ਆਦਿ ਜੁਗਾਦਿ ਤੋਂ ਇਸੇ ਤਰਾਂ ਵਿਰਾਜਮਾਨ ਹੋ।

- ਅਸੰਖ ਜਪ ਅਸੰਖ ਭਾਉ ॥
- ਅਸੰਖ ਪੂਜਾ ਅਸੰਖ ਤਪ ਤਾਉ ॥
- ਅਸੰਖ ਗਰੰਥ ਮੁਖਿ ਵੇਦ ਪਾਠ ॥
- ਅਸੰਖ ਜੋਗ ਮਨਿ ਰਹਹਿ ਉਦਾਸ ॥
- ਭਾਵ ਅਰਥ :-

ਇਸ ਸੰਸਾਰ ਵਿੱਚ ਅਣਗਿਣਤ ਭਾਵਪੂਰਨ ਨਾਮ ਜਪਣ ਵਾਲੇ ਮੌਜੂਦ ਹਨ ,ਪੂਜਾ ਤੇ ਸਖਤ ਤਪੱਸਿਆ ਕਰਨ ਵਾਲੇ ਹਨ, ਅਣਗਿਣਤ ਮਨੁੱਖਾਂ ਨੇ ਵੇਦਾਂ ਤੇ ਹੋਰ ਧਾਰਮਿਕ ਗ੍ਰੰਥਾਂ ਨੂੰ ਕੰਠ ਕੀਤਾ ਹੋਇਆ ਹੈ ਤੇ ਬਹੁਤ ਸਾਰੇ ਏਦਾਂ ਦੇ ਵੀ ਹਨ , ਜਿਹੜੇ ਮੋਹ ਮਾਇਆ ਤਿਆਗ ਕੇ ਵਣਾਂ ਆਦਿ ਵਿੱਚ ਵਿਚਰਣ ਕਰ ਰਹੇ ਹਨ।

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਲ ਵਿਆਖਿਆ –

**ਅੰਗ 4**

ਜਪੁਜੀ ਸਾਹਿਬ –

- ਅਸੰਖ ਭਗਤ ਗੁਣ ਗਿਆਨ ਵੀਚਾਰ ॥
- ਅਸੰਖ ਸਤੀ ਅਸੰਖ ਦਾਤਾਰ ॥
- ਅਸੰਖ ਸੂਰ ਮੁਹ ਭਖ ਸਾਰ ॥
- ਅਸੰਖ ਮੋਨਿ ਲਿਵ ਲਾਇ ਤਾਰ ॥
- ਭਾਵ ਅਰਥ:-

ਅਕਾਲ ਪੁਰਖ ਦੀ ਕੁਦਰਤ ਵਿੱਚ ਅਨੇਕਾਂ ਹੀ ਭਗਤੀ ਭਾਵ ਵਿੱਚ ਖੁੱਬੀਆਂ ਰੂਹਾਂ ਹਨ, ਜੋ ਉਸ ਦਾਤਾਰ ਦੇ ਗੁਣਗਾਨ ਤੇ ਵਿਚਾਰ ਚਰਚਾ ਵਿੱਚ ਜੁੜੀਆਂ ਹਨ, ਅਣਗਿਣਤ ਦਾਤਾਂ ਵੰਡਣ ਤੇ ਲੱਗੇ ਹਨ, ਇਸੇ ਤਰਾਂ ਗਿਣੇ ਨਾ ਜਾ ਸਕਣ ਵਾਲੇ ਮੋਨੀ ਉਸਦੀ ਲਗਨ ਵਿੱਚ ਡੁੱਬੇ ਪਏ ਹਨ , ਦੂਜੇ ਪਾਸੇ, ਗਿਣਤੀ ਤੋਂ ਬਾਹਰ,ਸੂਰਮੇ ਹਨ ਜੋ ਧਰਮ ਤੇ ਭਗਤੀ ਨਾਲ, ਲੱਖਾਂ ਵਿਰੋਧਾਂ ਤੇ ਸੱਟਾਂ ਖਾਕੇ ਵੀ ਜੁੜੇ ਹਨ।

- ਕੁਦਰਤਿ ਕਵਣ ਕਹਾ ਵੀਚਾਰੁ ॥
- ਵਾਰਿਆ ਨ ਜਾਵਾ ਏਕ ਵਾਰ ॥
- ਜੋ ਤੁਧੁ ਭਾਵੈ ਸਾਈ ਭਲੀ ਕਾਰ ॥
- ਤੂ ਸਦਾ ਸਲਾਮਤਿ ਨਿਰੰਕਾਰ ॥੧੭॥
- ਭਾਵ ਅਰਥ :-

ਮੈਂ ਉਸ ਸਾਰਿੰਗਪਾਣੀ ਦੀ ਕ੍ਰਿਤ ਤਾਂ ਇੰਨ ਬਿੰਨ ਤੇ ਸੌ ਪ੍ਰਤੀਸ਼ਤ ਮੁਲਾਂਕਣ ਕਰ ਸਕਣ ਵਿੱਚ ਅਸਮਰਥ ਹਾਂ । ਮੈਨੂੰ ਇੰਨਾ ਬੋਧ ਹੀ ਨਹੀਂ,ਭਾਵ ਮੇਰੀ ਸੋਚ ਊਣੀ ਹੈ । ਉਸਦੇ ਇਸ ਪਸਾਰੇ ਉਤੋਂ ਇੱਕ ਵਾਰ ਵੀ ਸਦਕੇ ਨਹੀਂ ਜਾ ਸਕਦਾ । ਬੱਸ ਮੈਂ ਤਾਂ ਇੰਨਾਂ ਕਹਿ ਸਕਦਾ ਹਾਂ ਆਪਦੀ ਰਜ਼ਾ ਵਿਚ ਰਾਜੀ ਹਾਂ ਤੇ ਆਪ ਜੁਗਾਂ ਜੁਗਾਂਤਰਾਂ ਤੋਂ ਸਲਾਮਤ ਹੋ ਤੇ ਸਦਾ ਰਹੋਗੇ।

- ਅਸੰਖ ਮੂਰਖ ਅੰਧ ਘੋਰ ॥
- ਅਸੰਖ ਚੋਰ ਹਰਾਮਖੋਰ ॥
- ਅਸੰਖ ਅਮਰ ਕਰਿ ਜਾਹਿ ਜੋਰ ॥
- ਅਸੰਖ ਗਲਵਢ ਹਤਿਆ ਕਮਾਹਿ ॥
- ਅਸੰਖ ਪਾਪੀ ਪਾਪੁ ਕਰਿ ਜਾਹਿ ॥
- ਅਸੰਖ ਕੂੜਿਆਰ ਕੂੜੇ ਫਿਰਾਹਿ ॥
- ਅਸੰਖ ਮਲੇਛ ਮਲੁ ਭਖਿ ਖਾਹਿ ॥
- ਭਾਵ ਅਰਥ:-
- ਇਸ ਪੌੜੀ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ,ਇਸੇ ਧਰਤੀ ਉਤੇ ਬੇਅੰਤ ਅਜਿਹੇ ਮਨੁੱਖ ਹਨ ਜੋ ਮੂੜ੍ਹ ਤਾਂ ਹਨ ਹੀ ,ਨਾਲ ਹੀ ਅੰਧੇਰੇ ਵਿੱਚ ਟੱਕਰਾਂ ਮਾਰਕੇ { ਭਾਵ ਗਲਤ ਕੰਮਾਂ ਵਿੱਚ ਲੱਗਕੇ } ਪ੍ਰਭੂ ਦੀ ਬਖਸ਼ੀ ਇਸ ਉੱਤਮ ਜੀਵਨ ਰੂਪੀ ਨਿਆਮਤ ਨੂੰ ਪ੍ਰਮਾਤਮਾ ਦੀ ਯਾਦ ਤੋਂ ਪਰੇ ਪਰੇ ਰਹਿ ਕੇ ਬਰਬਾਦ ਕਰ ਰਹੇ ਹਨ। ਅਨੇਕਾਂ ਚੋਰੀਆਂ ਤੇ ਵੱਢੀਆਂ ਉੱਤੇ ਨਿਰਭਰ ਹਨ, ਅਸੰਖ ਹੋਰਨਾਂ ਉੱਤੇ ਵਧੀਕੀਆਂ ਕਰਕੇ ਅੰਤ ਦੁਨੀਆਂ ਛੱਡ ਜਾਂਦੇ ਹਨ। ਬੇਅੰਤ ਦੂਜਿਆਂ ਦੀਆਂ ਜਾਨਾਂ ਲੈ ਲੈਂਦੇ ਹਨ,ਤੇ ਇਸ ਤਰਾਂ ਬਹੁਤ ਸਾਰੇ,ਤਰਾਂ ਤਰਾਂ ਦੇ ਪਾਪ ਕਮਾਉਂਦੇ ਹਨ, ਬੇਅੰਤ ਝੂਠ ਦੀ ਹੀ ਖੱਟੀ ਖਾਂਦੇ ਹਨ ਤੇ ਅਨੇਕਾਂ ਗੰਦ ਬਲਾਅ ਤੇ ਮਾਸਾਹਾਰ ਦਾ ਸੇਵਨ



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894


NOW OPEN
NOW OPEN
Tandoori FLAVORS
MARINATE MEAT SHOP
ਮੇਰੀਨੇਟ ਮੀਟ ਸ਼ੋਪ
551
Tandoori Flavors
---- MARINATED MEAT SHOP ----
ਚਾਹੇ ਕੱਚਾ ਚਾਹੀਦਾ, ਜਾਂ ਪੱਕਾ
ਸਾਡੀ ਚੋਣ ਹੈ ਸਭ ਤੋਂ ਵਧੀਆ!
POULTRY SPECIALS ਦੇ ਵਿਚ ਤੁਹਾਨੂੰ ਮਿਲੇਗਾ :-
- Chicken Wings , Cooked Wings, Breast , Boneless Thighs, Paneer Skewers
- CURRY LOVERS ਦੇ ਲਈ ਖਾਸ ਰਹੇਗਾ :-
- Butter Chicken, Shahi Paneer, ਬੱਕਰਾ Curry
- RICE BOWLS – ON THE GO !
- Shahi Paneer Bowl, Butter Chicken Bowl
- SEAFOOD 'ਚ ਵੀ ਕੁਝ ਅਜਿਹਾ ਰਹੇਗਾ ਖਾਸ :-
- Basa (Swai) Fish, Fish Pakora, Cooked Pakora Fish
Tandoori FLAVORS
ਭੋਜਨ ਪ੍ਰੇਮੀਆਂ ਲਈ ਖਾਸ ਹਰ ਰੋਜ਼ - RICE BOWL ONLY $11.99 ਸ਼ਾਹੀ ਪਨੀਰ ਜਾਂ ਬਟਰ ਚਿਕਨ ਦੇ ਨਾਲ
RICE ਸਾਰੀਆਂ CURRIES ਨਾਲ ਮੁਫ਼ਤ ਮਿਲਣਗੇ।
ਤੁਸੀਂ ਸਾਡੇ ਕੋਲੋਂ COOKED ਫ਼ੂਡ ਤੇ ਮੈਰੀਨੇਡ ਮੀਟ ਦਾ ਸਾਫ਼ ਕੀਤਾ RAW ਮੈਟੀਰੀਅਲ ਵੀ ਪ੍ਰਾਪਤ ਕਰ ਸਕਦੇ ਹੋ।
ACHAR LOVERS ਲਈ ਬੱਕਰੇ ਤੇ ਮੁਰਗੇ ਦਾ ਆਚਾਰ ਵੀ ਸਾਡੇ ਕੋਲ ਉਪਲਬਧ ਹੈ।
ਇਥੇ ਇਹ ਵੀ ਖਾਸ ਹੈ ਕਿ
''ਅਸੀਂ ਆਪਣੇ ਖਾਣੇ 'ਚ ਫ਼ੂਡ-ਕਲਰ ਨਹੀਂ ਵਰਤਦੇ।''
551, West Clover Road, Tracy
California- 95376
ਸੰਪਰਕ ਕਰੋ -
209-207-9781
ਸਾਡਾ ਸਟੋਰ ਖੁੱਲ੍ਹਣ ਦਾ ਸਮਾਂ ਹੈ :
ਸਵੇਰੇ 10 ਵਜੇ ਤੋਂ ਰਾਤੀਂ 9 ਵਜੇ ਤੱਕ
Visit Us Online: www.Tandoori-Flavors.com

# ਮੁੱਖ ਮੰਤਰੀ ਨੇ ਰੁੱਖਾਂ ਦੀ ਛਾਂ ਹੇਠ ਬੈਠ ਕੇ ਪੰਜਾਬ ਦੇ ਲੋਕਾਂ ਨਾਲ ਕੀਤੀ ਗੱਲਬਾਤ

## ਸਮਰਾਲਾ ਅਤੇ ਲਿਬੜਾ ਵਿਖੇ ਲੋਕਾਂ ਨੂੰ ਮਿਲੇ ਮੁੱਖ ਮੰਤਰੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪਿਛਲੀਆਂ ਸਰਕਾਰਾਂ ਦੀ ਲੋਕਾਂ ਤੋਂ ਦੂਰੀ ਬਣਾ ਕੇ ਰੱਖਣ ਦੀ ਸੋਚ ਦੇ ਉਲਟ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਿੰਡਾਂ ਦੇ ਲੋਕਾਂ ਨਾਲ ਰੁੱਖਾਂ ਦੀਆਂ ਛਾਂਵਾਂ ਹੇਠ ਬੈਠ ਕੇ ਗੱਲਬਾਤ ਕਰਦਿਆਂ 'ਰੰਗਲਾ ਪੰਜਾਬ' ਬਣਾਉਣ ਸਬੰਧੀ ਉਨ੍ਹਾਂ ਦੇ ਮਹੱਤਵਪੂਰਨ ਸੁਝਾਅ ਲਏ ਅਤੇ ਉਨ੍ਹਾਂ ਨੂੰ ਆਪਣੀ ਸਰਕਾਰ ਦੀਆਂ ਮੁੱਖ ਪਹਿਲਕਦਮੀਆਂ ਬਾਰੇ ਜਾਣੂ ਕਰਵਾਇਆ।

ਲੋਕਾਂ ਨਾਲ ਕੀਤੀਆਂ ਇਹ ਮੁਲਾਕਾਤਾਂ ਹਰ ਤਰ੍ਹਾਂ ਦੇ ਸਰਕਾਰੀ ਪ੍ਰੋਟੋਕੋਲ ਤੋਂ ਹਟ ਕੇ ਆਪਣੇਪਣ ਦੀ ਭਾਵਨਾ ਨਾਲ ਲਬਰੇਜ ਸਨ, ਜਿਸ ਦੌਰਾਨ ਲੋਕਾਂ ਦੇ ਮੁੱਖ ਮੰਤਰੀ ਨੇ ਲੋਕਾਂ ਵਿੱਚ ਜਾ ਕੇ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਸਰਕਾਰ ਦੇ ਕੰਮਕਾਜ ਬਾਰੇ ਉਨ੍ਹਾਂ ਦੇ ਫੀਡਬੈਕ ਲਏ। ਇਸ ਦੌਰਾਨ ਲੋਕਾਂ ਨੇ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਅਤੇ ਆਪਣੇ ਵਿਚਾਰ ਸਾਂਝੇ ਕੀਤੇ।

ਮੁੱਖ ਮੰਤਰੀ ਅਤੇ ਲੋਕਾਂ ਵਿਚਕਾਰ ਗੱਲਬਾਤ ਦੇ ਇਨ੍ਹਾਂ ਪਲਾਂ ਦੌਰਾਨ ਦੋਸਤੀ ਅਤੇ ਸਦਭਾਵਨਾ ਸਿਖਰ 'ਤੇ ਦੇਖਣ ਨੂੰ ਮਿਲੀ ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੇ ਰਾਜਨੀਤਿਕ, ਸਮਾਜਿਕ ਅਤੇ ਹੋਰ ਮੁੱਦਿਆਂ 'ਤੇ ਲੋਕਾਂ ਨਾਲ ਭਾਵਨਾਤਮਕ ਤਾਲਮੇਲ ਬਿਠਾਇਆ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਅਹੁਦਾ ਸੰਭਾਲਿਆ ਸੀ, ਉਸ ਸਮੇਂ ਸਿੰਚਾਈ ਲਈ ਨਹਿਰੀ ਪਾਣੀ ਦਾ ਸਿਰਫ਼ 21 ਫੀਸਦ ਵਰਤਿਆ ਜਾ ਰਿਹਾ ਸੀ ਪਰ ਅੱਜ ਇਹ ਅੰਕੜਾ ਵੱਧ ਕੇ 63 ਫੀਸਦ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਠੋਸ ਯਤਨਾਂ ਸਦਕਾ ਪਹਿਲੀ ਵਾਰ ਨਹਿਰਾਂ ਅਤੇ ਦਰਿਆਵਾਂ ਦਾ ਪਾਣੀ ਸੂਬੇ ਦੇ ਟੇਲਾਂ 'ਤੇ ਵਸਦੇ ਪਿੰਡਾਂ ਤੱਕ ਪਹੁੰਚਿਆ ਹੈ। ਭਗਵੰਤ ਸਿੰਘ ਮਾਨ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਜਲ ਸਰੋਤਾਂ ਦਾ ਰੁਖ਼ ਦੂਜੇ ਰਾਜਾਂ ਵੱਲ ਮੋੜਨ ਦੇ ਯਤਨਾਂ ਨੂੰ ਵੀ ਪੂਰੀ ਤਰ੍ਹਾਂ ਨਾਕਾਮ ਕਰ ਦਿੱਤਾ ਹੈ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਦੱਸਿਆ ਕਿ ਅਕਤੂਬਰ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵੇਚਣ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੋਂ ਬਚਾਉਣ ਲਈ ਸੂਬਾ ਸਰਕਾਰ ਨੇ ਝੋਨੇ ਦੀ ਲੁਆਈ ਦਾ ਸੀਜ਼ਨ ਇਕ ਜੂਨ ਤੋਂ ਸ਼ੁਰੂ ਕਰਨ ਦੀ ਆਗਿਆ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਢੁਕਵੀਂ ਯੋਜਨਾਬੰਦੀ ਅਤੇ ਪ੍ਰਬੰਧਾਂ ਦੇ ਨਾਲ ਝੋਨੇ ਦੀ ਫ਼ਸਲ ਦੀ ਜ਼ੋਨ ਵਾਰ ਕਾਸ਼ਤ ਨੂੰ ਯਕੀਨੀ ਬਣਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਬਿਜਾਈ ਵਿਧੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸੂਬੇ ਨੂੰ ਜ਼ੋਨਾਂ ਵਿੱਚ ਵੰਡਿਆ ਗਿਆ ਅਤੇ ਪੜਾਅਵਾਰ ਢੰਗ ਨਾਲ ਝੋਨੇ ਦੀ ਲੁਆਈ ਦੀਆਂ ਤਰੀਕਾਂ ਦਾ ਜਲਦ ਤੋਂ ਜਲਦ ਐਲਾਨ ਕੀਤਾ ਗਿਆ ਤਾਂ ਜੋ ਕਿਸਾਨ ਇਸ ਦਾ ਲਾਭ ਉਠਾ ਸਕਣ।

ਮੁੱਖ ਮੰਤਰੀ ਨੇ ਇਹ ਵੀ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚ ਝੋਨੇ ਦੀ ਲੁਆਈ ਦੀਆਂ ਤਰੀਕਾਂ ਅਗਾਊਂ ਕਰਨ ਦੇ ਨਾਲ ਉਨ੍ਹਾਂ ਨੇ ਕੇਂਦਰ ਸਰਕਾਰ ਕੋਲ ਝੋਨੇ ਦੀ ਖਰੀਦ 15 ਦਿਨ ਪਹਿਲਾਂ ਕਰਨ ਦੀ ਅਪੀਲ ਵੀ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਖੁਰਾਕ ਮੰਤਰੀ ਨੂੰ ਫ਼ੋਨ ਕਰਕੇ ਅਪੀਲ ਕੀਤੀ ਹੈ ਕਿ ਹੁਣ ਝੋਨੇ ਦੀ ਖਰੀਦ 15 ਸਤੰਬਰ ਤੋਂ ਸ਼ੁਰੂ ਕਰਨ ਤਾਂ ਜੋ ਸੂਬੇ ਦੇ ਕਿਸਾਨ ਆਪਣੀ ਫ਼ਸਲ ਨੂੰ ਸੁਚਾਰੂ ਅਤੇ ਮੁਸ਼ਕਲ ਰਹਿਤ ਢੰਗ ਨਾਲ ਵੇਚ ਸਕਣ। ਉਨ੍ਹਾਂ ਕਿਹਾ ਕਿ ਇਸ ਨਾਲ ਕਿਸਾਨ ਮੰਡੀਆਂ ਵਿੱਚ ਨਮੀ ਰਹਿਤ ਅਨਾਜ ਲਿਆ ਸਕਣਗੇ ਜਿਸ ਨਾਲ ਫਸਲ ਦੀ ਸੁਚਾਰੂ ਖਰੀਦ ਯਕੀਨੀ ਹੋ ਸਕੇਗੀ।ਮੁੱਖ ਮੰਤਰੀ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ ਵਿੱਚ ਸਰਿੰਜਾਂ ਅਤੇ ਹੋਰ ਨਸ਼ਿਆਂ ਦੀ ਥਾਂ ਟਿਫ਼ਨ ਦੇਣਾ ਚਾਹੁੰਦੇ ਹਨ ਤਾਂ ਜੋ ਉਹ ਨਸ਼ਿਆਂ ਦੀ ਦਲਦਲ ਤੋਂ ਦੂਰ ਰਹਿ ਸਕਣ। ਉਨ੍ਹਾਂ ਕਿਹਾ ਕਿ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ, ਇਸ ਲਈ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਤਾਂ ਜੋ ਉਹ ਸਮਾਜਿਕ ਬੁਰਾਈਆਂ ਦਾ ਸ਼ਿਕਾਰ ਨਾ ਹੋਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਰੁਜ਼ਗਾਰੀ ਕਈ ਸਮਾਜਿਕ ਸਮੱਸਿਆਵਾਂ ਦੀ ਜੜ੍ਹ ਹੈ ਜਿਸ ਕਾਰਨ ਸੂਬਾ ਸਰਕਾਰ ਇਸ



ਬਿਮਾਰੀ ਨੂੰ ਖ਼ਤਮ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਅਤੇ ਹੁਣ ਤੱਕ ਲਗਭਗ 55,000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਡਰੱਗ ਮਾਫੀਆ ਨੂੰ ਪਿਛਲੀਆਂ ਸਰਕਾਰਾਂ ਨੇ ਸਰਪ੍ਰਸਤੀ ਦਿੱਤੀ ਸੀ ਪਰ ਉਨ੍ਹਾਂ ਦੀ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਛੇੜੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਲਈ ਸੁਚੱਜੀ ਯੋਜਨਾ ਬਣਾਈ ਗਈ ਹੈ ਅਤੇ ਹੁਣ ਨਸ਼ਿਆਂ ਵਿਰੁੱਧ ਜੰਗ ਪੂਰੇ ਸਿਖ਼ਰ 'ਤੇ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਪਲਾਈ ਲਾਈਨ ਤੋੜਨ ਤੋਂ ਇਲਾਵਾ ਸੂਬਾ ਸਰਕਾਰ ਨੇ ਇਸ ਅਪਰਾਧ ਵਿੱਚ ਸ਼ਾਮਲ ਵੱਡੀਆਂ ਮੱਛੀਆਂ ਨੂੰ ਸਲਾਖਾਂ ਪਿੱਛੇ ਸੁੱਟ ਦਿੱਤਾ ਹੈ ਅਤੇ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਕੇ ਨਸ਼ਟ ਕੀਤੀ ਜਾ ਰਹੀ ਹੈ।ਇੱਕ ਹੋਰ ਵੱਡੀ ਭਲਾਈ ਪਹਿਲਕਦਮੀ ਨੂੰ ਉਜਾਗਰ ਕਰਦਿਆਂ ਉਨ੍ਹਾਂ ਨੇ ਮੁੱਖ ਮੰਤਰੀ ਸਿਹਤ ਯੋਜਨਾ ਬਾਰੇ ਗੱਲ ਕੀਤੀ ਅਤੇ ਕਿਹਾ ਇਹ ਦੇਸ਼ ਦੀ ਆਪਣੀ ਕਿਸਮ ਦੀ ਪਹਿਲੀ ਯੋਜਨਾ ਹੈ ਜੋ ਪੰਜਾਬ ਦੇ ਹਰੇਕ ਪਰਿਵਾਰ ਲਈ 10 ਲੱਖ ਰੁਪਏ ਤੱਕ ਦਾ ਨਕਦੀ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਉਨ੍ਹਾਂ ਮਾਣ ਨਾਲ ਕਿਹਾ ਕਿ ਪੰਜਾਬ ਅਜਿਹਾ ਵਿਆਪਕ ਸਿਹਤ ਸੰਭਾਲ ਕਵਰੇਜ ਪ੍ਰਦਾਨ ਕਰਨ ਵਾਲਾ ਪਹਿਲਾ ਭਾਰਤੀ ਸੂਬਾ ਹੈ, ਜੋ ਮਿਆਰੀ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਉਂਦਿਆਂ ਜਨਤਾ 'ਤੇ ਵਿੱਤੀ ਬੋਝ ਨੂੰ ਕਾਫ਼ੀ ਹੱਦ ਤੱਕ ਘਟਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਤਿਹਾਸਕ ਕਦਮ ਦਾ ਉਦੇਸ਼ ਸੂਬੇ ਦੇ ਸਾਰੇ ਪਰਿਵਾਰਾਂ ਨੂੰ ਵਿਆਪਕ ਸਿਹਤ ਸੰਭਾਲ ਪ੍ਰਦਾਨ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਤਿੰਨ ਸਾਲ ਪਿਛਲੀਆਂ ਸਰਕਾਰਾਂ ਦੀ ਗੰਦਗੀ ਸਾਫ਼ ਕਰਨ ਤੋਂ ਬਾਅਦ, ਸੂਬਾ ਸਰਕਾਰ ਹੁਣ ਪੰਜਾਬ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਦੇ ਰਾਹ 'ਤੇ ਹੈ। ਉਨ੍ਹਾਂ ਅਫ਼ਸੋਸ ਜਤਾਇਆ ਕਿ ਪਿਛਲੀਆਂ ਸਰਕਾਰਾਂ ਦੀਆਂ ਪਿਛਾਂਹਖਿੱਚੂ ਨੀਤੀਆਂ ਅਤੇ ਮਾੜੇ ਮਨਸੂਬਿਆ ਕਾਰਨ ਸੂਬਾ ਵਿਕਾਸ ਪੱਖੋਂ ਪਛੜਿਆ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੱਤਾ ਸੰਭਾਲਣ ਦੇ ਪਹਿਲੇ ਦਿਨ ਤੋਂ ਹੀ ਉਨ੍ਹਾਂ ਦੀ ਸਰਕਾਰ ਨੇ ਸੂਬੇ ਦੇ ਸਰਵਪੱਖੀ ਵਿਕਾਸ ਅਤੇ ਇਥੋਂ ਦੇ ਲੋਕਾਂ ਦੀ ਖੁਸ਼ਹਾਲੀ 'ਤੇ ਧਿਆਨ ਕੇਂਦਰਿਤ ਕੀਤਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨਾਲ ਕੀਤੀਆਂ ਲਗਭਗ ਸਾਰੀਆਂ ਗਾਰੰਟੀਆਂ ਨੂੰ ਪੂਰਾ ਕੀਤਾ ਹੈ ਅਤੇ ਇਸ ਦੇ ਨਾਲ ਹੀ ਸਰਕਾਰ ਨੇ ਉਹ ਗਾਰੰਟੀਆਂ ਵੀ ਪੂਰੀਆਂ ਕੀਤੀਆਂ ਗੀਆਂ ਹਨ ਜਿਸ ਬਾਰੇ ਕੋਈ ਵਾਅਦਾ ਨਹੀਂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ 153 ਬਲਾਕਾਂ ਵਿੱਚੋਂ 117 ਬਲਾਕਾਂ ਦਾ ਪਾਣੀ ਡਾਰਕ ਜ਼ੋਨ ਵਿੱਚ ਚਲਾ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕੋਈ ਯਤਨ ਕਰਨ ਦਾ ਤਹੱਈਆ ਨਹੀਂ ਕੀਤਾ ਅਤੇ ਪੰਜ ਦਰਿਆਵਾਂ ਦੀ ਇਸ ਧਰਤੀ 'ਤੇ ਟੇਲਾਂ 'ਤੇ ਵਸਦੇ ਕਿਸਾਨਾਂ ਨੂੰ ਕਦੇ ਵੀ ਪਾਣੀ ਨਹੀਂ ਮਿਲਿਆ।

ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਸੰਭਾਲਣ ਤੋਂ ਬਾਅਦ 'ਆਪ' ਸਰਕਾਰ ਨੇ ਸੂਬੇ ਵਿੱਚ 15947 ਜਲ ਮਾਰਗਾਂ ਨੂੰ ਮੁੜ ਸੁਰਜੀਤ ਕੀਤਾ ਹੈ, ਜਿਸ ਸਦਕਾ ਦੂਰ-ਦੁਰਾਡੇ ਪਿੰਡਾਂ ਵਿੱਚ ਵੀ ਪਾਣੀ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਜੁਲਾਈ ਮਹੀਨੇ ਤੋਂ ਘਰਾਂ ਨੂੰ ਮੁਫ਼ਤ ਬਿਜਲੀ ਪ੍ਰਦਾਨ ਕੀਤੀ ਹੈ ਅਤੇ 90 ਫੀਸਦ ਘਰਾਂ ਨੂੰ ਜ਼ੀਰੋ ਬਿਜਲੀ ਬਿੱਲ ਆ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਵਾਰ ਸੂਬਾ ਸਰਕਾਰ ਨੇ ਕਿਸੇ ਨਿੱਜੀ ਫਰਮ ਤੋਂ ਪਾਵਰ ਪਲਾਂਟ ਖਰੀਦਿਆ ਹੈ ਤਾਂ ਜੋ ਸੂਬੇ ਨੂੰ ਬਿਜਲੀ ਉਤਪਾਦਨ ਵਿੱਚ ਸਰਪਲੱਸ ਬਣਾਇਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬਾ ਸਰਕਾਰ ਨੇ ਇਸ ਥਰਮਲ ਪਲਾਂਟ ਦਾ ਨਾਮ ਤੀਜੇ ਸਿੱਖ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਕੋਲ ਕੋਲੇ ਦੀ ਢੁਕਵੀਂ ਸਪਲਾਈ ਅਤੇ ਸਟਾਕ ਹੈ ਜਿਸ ਰਾਹੀਂ ਇਨ੍ਹਾਂ ਪਲਾਂਟਾਂ ਨੂੰ ਕੁਸ਼ਲਤਾ ਨਾਲ ਚਲਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਝੋਨੇ ਦੇ ਸੀਜ਼ਨ ਦੌਰਾਨ ਵੀ ਸਾਰੇ ਵਰਗਾਂ ਨੂੰ ਨਿਰਵਿਘਨ ਅਤੇ ਨਿਯਮਤ ਬਿਜਲੀ ਸਪਲਾਈ ਦੇ ਰਹੀ ਹੈ।

ਸੂਬੇ ਵਿੱਚ ਵੱਡੇ ਵਿਆਹ ਸਮਾਗਮ ਕਰਵਾਉਣ ਬਾਰੇ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਆਮ ਕਿਸਾਨਾਂ ਦੀਆਂ ਜੇਬਾਂ 'ਤੇ ਵੱਡਾ ਬੋਝ ਪਾ ਰਹੇ ਹਨ। ਭਗਵੰਤ ਸਿੰਘ ਮਾਨ ਨੇ ਸਾਦੇ ਵਿਆਹਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਇਹ ਸਮੇਂ ਦੀ ਮੁੱਖ ਲੋੜ ਹੈ ਤਾਂ ਜੋ ਕਿਸਾਨਾਂ ਨੂੰ ਕਰਜ਼ੇ ਦੇ ਚੱਕਰ ਵਿੱਚੋਂ ਬਾਹਰ ਕੱਢਿਆ ਜਾ ਸਕੇ। ਉਨ੍ਹਾਂ ਕਿਹਾ ਕਿ ਵੱਡੇ ਵਿਆਹ ਸਮਾਗਮ ਕਰਵਾਉਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਹ ਸੂਬੇ ਦੇ ਕਿਸਾਨਾਂ ਨੂੰ ਕਰਜ਼ੇ ਹੇਠ ਦੱਬ ਦਿੰਦੇ ਹਨ ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਗੰਭੀਰ ਨਤੀਜੇ ਭੁਗਤਣੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਪਣੇ ਗੁਆਂਢੀ ਜਾਂ ਰਿਸ਼ਤੇਦਾਰਾਂ ਵਾਂਗ ਵੱਡੇ ਵਿਆਹ ਸਮਾਗਮ ਕਰਵਾਉਣ ਦੇ ਦਿਖਾਵੇ ਲਈ ਫਜ਼ੂਲ ਪੈਸੇ ਖਰਚ ਕਰਨ ਦੀ ਦੌੜ ਵਿੱਚੋਂ ਬਾਹਰ ਆਉਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਤੋਂ ਕਿਰਾਏ 'ਤੇ ਖੇਤੀ ਸੰਦਾਂ ਦੀ ਵਰਤੋਂ ਕਰਨ ਦੀ ਤਕਨੀਕ ਅਪਣਾਉਣ ਦਾ ਸੱਦਾ ਵੀ ਦਿੱਤਾ ਕਿਉਂਕਿ ਇਹ ਉਨ੍ਹਾਂ ਨੂੰ ਖੇਤੀ 'ਤੇ ਹੋਣ ਵਾਲੇ ਭਾਰੀ ਖਰਚ ਨੂੰ ਘਟਾਉਣ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪਹਿਲਾਂ ਹੀ ਅਜਿਹੇ ਸੰਦਾਂ ਨੂੰ ਖਰੀਦਣ ਲਈ ਸਹਿਕਾਰੀ ਸਭਾਵਾਂ ਨੂੰ ਵੱਡੀਆਂ ਸਬਸਿਡੀਆਂ ਦਿੱਤੀਆਂ ਜਾ ਰਹੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਸਰੋਤਾਂ ਦੀ ਵਰਤੋਂ ਸਮਝਦਾਰੀ ਨਾਲ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਇਹਨਾਂ 'ਤੇ ਹੋਣ ਵਾਲੇ ਖ਼ਰਚੇ ਨੂੰ ਘਟਾ ਕੇ ਖੇਤੀਬਾੜੀ ਨੂੰ ਇੱਕ ਲਾਭਦਾਇਕ ਉੱਦਮ ਬਣਾਇਆ ਜਾ ਸਕੇ।

ਵਿਰੋਧੀ ਧਿਰ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਚੋਟੀ ਦੇ ਆਗੂਆਂ ਨੂੰ ਮੁੱਢਲੀ ਪੰਜਾਬੀ ਵੀ ਨਹੀਂ ਆਉਂਦੀ ਜਿਸ ਕਾਰਨ ਉਹ ਪੰਜਾਬੀ ਭਾਸ਼ਾ ਨੂੰ ਚੰਗੀ ਤਰ੍ਹਾਂ ਪੜ੍ਹ ਜਾਂ ਲਿਖ ਨਹੀਂ ਸਕਦੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਨਵਰ ਅਤੇ ਦੂਨ ਸਕੂਲ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਇਨ੍ਹਾਂ ਆਗੂਆਂ ਨੂੰ ਪੰਜਾਬੀ ਬੋਲਣ ਵਿੱਚ ਬਹੁਤ ਮੁਸ਼ਕਲ ਆਉਂਦੀ ਹੈ ਜਿਸ ਕਾਰਨ ਉਹ ਲੋਕਾਂ ਨਾਲ ਨਹੀਂ ਜੁੜ ਸਕਦੇ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਸੂਬੇ ਵਿੱਚ ਸਿੱਖਿਆ ਨੂੰ ਅਣਗੌਲਿਆਂ ਕੀਤਾ ਹੈ ਜਿਸ ਕਾਰਨ ਲੋਕਾਂ ਨੇ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ ਅਤੇ ਨਵੇਂ ਲੋਕਾਂ ਸਈ ਸਿਆਸਤ ਵਿੱਚ ਆਉਣ ਲਈ ਰਾਹ ਪੱਧਰਾ ਕੀਤਾ ਹੈ।

